# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 89 Wednesday, May 08, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2



Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6


ਪੰਜਾਬੀ ਪੋਸਟ ਵਿਸ਼ੇਸ਼

## ਸਿੱਖਾਂ ਦਾ ਸਿਆਸੀ ਪ੍ਰਭਾਵ: ਕੀ ਨਿਵਾਣ ਵੱਲ - ਭਾਗ 1



ਕੈਨੇਡਾ ਵੱਸਦੇ ਸਿੱਖ ਇੱਕ ਸਮਰਿੱਧ ਕਮਿਉਨਿਟੀ ਹਨ ਜਿਹਨਾਂ ਨੇ ਪਿਛਲੇ 100 ਸਾਲਾਂ ਤੋਂ ਵੱਧ ਅਰਸੇ ਦੇ ਸੰਘਰਸ਼ ਪੂਰਣ ਜਦੋ ਜਹਿਦ ਤੋਂ ਬਾਅਦ ਅੱਜ ਇੱਕ ਸਫ਼ਲਤਾ ਵਾਲਾ ਮੁਕਾਮ ਹਾਸਲ ਕੀਤਾ ਹੋਇਆ ਹੈ ਜਿਸ ਵਿੱਚ ਆਰਥਕ, ਸਮਾਜਕ ਅਤੇ ਸਿਆਸੀ ਸਫ਼ਲਤਾ ਸ਼ਾਮਲ ਹੈ। ਕਿਉਂਕਿ ਸਿੱਖ ਧਰਮ ਵਿੱਚ 'ਪੰਚ ਪ੍ਰਧਾਨ' ਦਾ ਸਿਧਾਂਤ ਹੋਰ ਕੌਮਾਂ ਨਾਲੋਂ ਵਧੇਰੇ ਦ੍ਰਿੜਤਾ ਨਾਲ ਸ਼ਾਮਲ ਹੈ, ਸੁਭਾਵਿਕ ਸੀ ਕਿ ਭਾਰਤ ਤੋਂ ਆ ਕੇ ਇੱਥੇ ਵੱਸਣ ਦੀ ਪ੍ਰਕਿਰਿਆ ਵਿੱਚ ਹੌਲੀ 2 ਸਿਆਸੀ ਭਾਵ ਲੋਕਤਾਂਤਰਿਕ ਪ੍ਰਣਾਲੀ ਵਿੱਚ ਸਿੱਖਾਂ ਦਾ ਯੋਗਦਾਨ ਵੱਧ ਪ੍ਰਭਾਵੀ ਅਤੇ ਦ੍ਰਿਸ਼ਟੀਗੋਚਰ ਹੋਇਆ। 2015 ਦੀਆਂ ਚੋਣਾਂ ਤੋਂ ਬਾਅਦ 4 ਸਿੱਖ ਮੰਤਰੀਆਂ ਅਤੇ ਦਰਜਨ ਤੋਂ ਵੱਧ ਪਾਰਲੀਮੈਂਟ ਮੈਂਬਰਾਂ ਦਾ ਫੈਡਰਲ ਸਿਆਸਤ ਵਿੱਚ ਸੁਸ਼ੋਭਿਤ ਹੋਣਾ ਸਿੱਖ ਸਿਆਸੀ ਚੜਤ ਦੀ ਟੀਸੀ ਆਖਿਆ ਜਾ ਸਕਦਾ ਹੈ। ਆ ਰਹੀਆਂ 2019 ਦੀਆਂ ਚੋਣਾਂ ਸੁਆਲ ਖੜਾ ਕਰਦੀਆਂ ਹਨ ਕਿ ਕੀ ਇਸਤੋਂ ਅਗਾਂਹ ਹਾਸਲ ਕਰਨ ਯੋਗ ਕੋਈ ਮੁਕਾਮ ਹੈ ਜਾਂ ਫੇਰ ਇਸਤੋਂ ਬਾਅਦ ਨਿਵਾਣ ਵੱਲ ਚੱਲਣ ਦਾ ਰਾਹ ਖੁੱਲਦਾ ਹੈ?

...ਬਾਕੀ ਪੰਨਾ 6 'ਤੇ

# ਸੱਤਾ 'ਚ ਆਉਣ 'ਤੇ ਇਜ਼ਰਾਈਲ ਸਥਿਤ ਕੈਨੇਡੀਅਨ ਅੰਬੈਸੀ ਨੂੰ ਤਲ ਅਵੀਵ ਤੋਂ ਯੇਰੂਸ਼ਲੇਮ ਲਿਆਂਵਾਂਗੇ : ਸ਼ੀਅਰ



ਮਾਂਟਰੀਅਲ, 7 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਵਿਦੇਸ਼ ਨੀਤੀ ਸਬੰਧੀ ਆਪਣੇ ਤਿੱਖੇ ਭਾਸ਼ਣ ਵਿੱਚ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਇਜ਼ਰਾਈਲ ਵਿੱਚ ਸਥਿਤ ਕੈਨੇਡੀਅਨ ਅੰਬੈਸੀ ਨੂੰ ਤਲਅਵੀਵ ਤੋਂ ਯੇਰੂਸ਼ਲੇਮ ਲਿਆਵੇਗੀ। ਇਸ ਭਾਸ਼ਣ ਰਾਹੀਂ ਸ਼ੀਅਰ ਨੇ ਸਿੱਧੇ ਤੌਰ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਨਿਸ਼ਾਨਾ ਸਾਧਿਆ।

ਮਾਂਟਰੀਅਲ ਵਿੱਚ ਸ਼ੀਅਰ ਦਾ ਇਹ ਭਾਸ਼ਣ ਆਗਾਮੀ ਫੈਡਰਲ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਦਿੱਤਾ ਗਿਆ ਮੰਨਿਆ ਜਾ ਰਿਹਾ ਹੈ। ਇਹ ਉਨ੍ਹਾਂ ਕਈ ਨੀਤੀਗਤ ਬਿਆਨਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ ਜਿਹੜੇ ਕੰਜ਼ਰਵੇਟਿਵਾਂ ਅਨੁਸਾਰ ਚੋਣ ਮੁਹਿੰਮ ਤੋਂ ਪਹਿਲਾਂ ਦਿੱਤੇ ਜਾਣੇ ਹਨ। ਸ਼ੀਅਰ ਨੇ ਅੱਗੇ ਆਖਿਆ ਕਿ ਉਹ ਧਾਰਮਿਕ ਆਜ਼ਾਦੀ ਸਬੰਧੀ ਆਫਿਸ ਖੋਲ੍ਹਣਗੇ ਤੇ ਦੁਨੀਆ ਭਰ ਦੀਆਂ ਧਾਰਮਿਕ ਘੱਟਗਿਣਤੀਆਂ ਲਈ ਖੜ੍ਹੇ ਹੋਣਗੇ। ਉਨ੍ਹਾਂ ਆਖਿਆ ਕਿ ਉਹ ਇਸ ਤੱਥ ਨੂੰ ਵੀ ਮਾਨਤਾ ਦੇਣਗੇ ਕਿ ਯੇਰੂਸ਼ਲੇਮ ਇਜ਼ਰਾਈਲ ਦੀ ਰਾਜਧਾਨੀ ਹੈ।

ਇਸ ਤੋਂ ਬਾਅਦ ਜਦੋਂ ਸ਼ੀਅਰ ਮੈਰੀਅਟ ਚੈਟਿਊ ਚੈਂਪਲੇਨ ਦੇ ਬਾਲਰੂਮ ਵਿੱਚੋਂ ਨਿਕਲੇ ਤਾਂ ਪੱਤਰਕਾਰਾਂ ਨੇ ਉਨ੍ਹਾਂ ਨੂੰ ਘੇਰਾ ਪਾਇਆ ਹੋਇਆ ਸੀ। ਉਦੋਂ ਕੰਜ਼ਰਵੇਟਿਵ ਆਗੂ ਨੇ ਆਖਿਆ ਕਿ ਇਸ ਤਰ੍ਹਾਂ ਦੀ ਮਾਨਤਾ ਦਿੱਤੇ ਜਾਣ ਦੇ ਕੈਨੇਡੀਅਨ ਅੰਬੈਸੀ ਲਈ ਡੂੰਘੇ ਮਾਇਨੇ ਹਨ- ਇਸ ਨਾਲ ਇਹ ਸਪਸ਼ਟ ਹੋਵੇਗਾ ਕਿ ਕੈਨੇਡਾ ਦੀ ਯੇਰੂਸ਼ਲੇਮ ਵਿੱਚ ਅਗਵਾਈ ਯਕੀਨੀ ਹੋਵੇਗੀ ਤੇ ਕਈ ਮੁੱਦਿਆਂ ਉੱਤੇ ਅਸੀਂ ਇਜ਼ਰਾਈਲ ਦੀ ਸਰਕਾਰ ਨਾਲ ਰਲ ਕੇ ਕੰਮ ਕਰਾਂਗੇ।

...ਬਾਕੀ ਪੰਨਾ 6 'ਤੇ

## ਗ੍ਰੀਨ ਪਾਰਟੀ ਦੇ ਪਾਲ ਮੈਨਲੀ ਨੇ ਜਿੱਤੀ ਨਨੇਮੋ-ਲੇਡੀਸਮਿੱਥ ਦੀ ਜ਼ਿਮਨੀ ਚੋਣ



ਨਨੇਮੋ, ਬੀਸੀ, 7 ਮਈ (ਪੋਸਟ ਬਿਊਰੋ) : ਅਕਤੂਬਰ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਤੋਂ ਸਿਰਫ ਛੇ ਮਹੀਨੇ ਪਹਿਲਾਂ ਨਨੇਮੋ, ਬੀਸੀ ਦੇ ਵੋਟਰਾਂ ਨੇ ਗ੍ਰੀਨ ਪਾਰਟੀ ਦੇ ਪਾਲ ਮੈਨਲੀ ਨੂੰ ਆਪਣਾ ਨਵਾਂ ਪਾਰਲੀਆਮੈਂਟ ਮੈਂਬਰ ਚੁਣ ਲਿਆ ਹੈ। ਨਨੇਮੋ-ਲੇਡੀਸਮਿੱਥ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ 93 ਫੀ ਸਦੀ ਵੋਟਾਂ ਪਈਆਂ, ਜਿਨ੍ਹਾਂ ਵਿੱਚੋਂ ਮੈਨਲੀ ਦੇ ਹਿੱਸੇ 38 ਫੀ ਸਦੀ ਵੋਟਾਂ ਪਈਆਂ। ਕੰਜ਼ਰਵੇਟਿਵ ਉਮੀਦਵਾਰ ਜੌਹਨ ਹਰਸਟ 25 ਫੀ ਸਦੀ ਵੋਟਾਂ ਹਾਸਲ ਕਰਕੇ ਦੂਜੇ ਸਥਾਨ ਉੱਤੇ ਰਹੇ।

...ਬਾਕੀ ਪੰਨਾ 6 'ਤੇ

## ਗ੍ਰੀਨ ਪਾਰਟੀ ਦੀ ਜਿੱਤ ਤੋਂ ਸਿੱਧ ਹੈ ਕਿ ਕਲਾਈਮੇਟ ਚੇਂਜ ਤੋਂ ਪਰੇਸ਼ਾਨ ਹਨ ਕੈਨੇਡੀਅਨ : ਟਰੂਡੋ



ਓਟਵਾ, 7 ਮਈ (ਪੋਸਟ ਬਿਊਰੋ) : ਸੋਮਵਾਰ ਨੂੰ ਬੀਸੀ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਗ੍ਰੀਨ ਪਾਰਟੀ ਦੀ ਜਿੱਤ ਤੋਂ ਇਹ ਸਿੱਧ ਹੋ ਗਿਆ ਹੈ ਕਿ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਤੋਂ ਕੈਨੇਡੀਅਨਜ਼ ਪਹਿਲਾਂ ਹੀ ਕਿੰਨੇ ਬੇਚੈਨ ਹਨ। ਇਹ ਗੱਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖੀ।

...ਬਾਕੀ ਪੰਨਾ 6 'ਤੇ

ਤੀਆਂ ਦਾ ਮੇਲਾ ਐਤਵਾਰ, 12 ਮਈ, 2019 ਨੂੰ, ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: ਸੁਖੀ ਨਿੱਝਰ (905) 799-0999


ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton



Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Centre is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755



ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Prabhjot Kaur
Email: info@hsbatax.com Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# Farecracker.com

Specially Negotiated Fares

30% DISCOUNT

# FLY CHEAPER!!!




## AIR CANADA

ਦੀਆਂ ਸਸਤੀਆਂ ਟਿਕਟਾਂ

-Non-stop flights to New Delhi
-Round trips

## Special Family Airfares Call us Anytime!

Please call us up and get a no obligatory Airfare Quote on our Business

*What's App no.*

**(732) 716-3555**

*or Call us on*

**(516) 207 1427**

*Local Canadian no.*

**(647) 794-1775**

*or Email us at*

**farecracker@gmail.com**

- •India •Nepal •Srilanka
- •Bangladesh •Pakistan
- •Dubai •Abu Dhabi
- •Riyadh •Europe •Bangkok
- •Singapore •Kuala Lumpur
- •Bali •Australia

ਚੰਡੀਗੜ੍ਹ/ਅੰਮ੍ਰਿਤਸਰ/ਦਿੱਲੀ ਟਿਕਟਾਂ ਤੇ ਭਾਰੀ ਛੋਟ ਲਈ *Online* ਚੈੱਕ ਕਰੋ:
*Farecracker.com*

**ਵਧੀਆ ਮੁੱਲ ਗਾਰੰਟੀ ਚੁਣੌਤੀ!**
ਜੇਕਰ ਤੁਸੀਂ ਕਿਸੇ ਹੋਰ ਤੋਂ ਸਸਤੀ ਟਿਕਟ ਕਰਦੇ ਹੋ ਤਾਂ ਸਾਡੇ ਤੋਂ ਤੁਹਾਡੀ ਟਿਕਟ ਮੁਫ਼ਤ ਹੋਵੇਗੀ!

**Best Price Guarantee Challenge!**
If you get a cheaper Ticket you'll get the Ticket Free! Please contact us for a No Obligatory Quote.

Referral Bonus if you refer us clients Farecracker.com would pay you $100 Referral Bonus. Please what's app us Contact details of your References (Friends & Family) on **(732) 716-3555**, if they are looking for a Flight.




Local Agents Needed Part Time/Full Time Agents Required in Toronto/Brampton/Mississauga all over Ontario for opening Traditional Brick and Mortar Stores as a Licensed Franchise of Farecracker.com; Please send in your contact details on Farecracker@gmail.com

Lufthansa · AIR CANADA · QATAR AIRWAYS القطرية · American Airlines · SWISS · Alitalia · asta American Society of Travel Advisors

*Punjabi Post Canada has no Association with Farecracker.com and Any or All Products sold by Farecracker.com is as per the Policies mentioned on their website and it is a contract between the user and Farecracker.com. Punjabi Post Canada is a News Paper and Indemnifies itself from any Liability or Complaints. Thank you.

## ਅੱਜ ਨਾਮਾ

ਅਮਰੀਕਾ ਵਿੱਚ ਜਾਂ ਚੀਨ ਦੀ ਟੀਮ ਪੁੱਜੀ,
ਏਜੰਡਾ ਸਿਰਫ ਤੇ ਸਿਰਫ ਵਪਾਰ ਮੀਆਂ।
ਕਰਨੀ ਸੀ ਗੀ ਵਿਚਾਰ ਇਹ ਧਿਰਾਂ ਦੋਵਾਂ,
ਘਟਣਾ ਕਿੰਜ ਆ ਟੈਕਸ ਦਾ ਭਾਰ ਮੀਆਂ।
ਦੋਵਾਂ ਧਿਰਾਂ ਵਿੱਚ ਫਰਕ ਸੀ ਪਹੁੰਚ ਵੱਲੋਂ,
ਖੜਨਾ ਪੈਣਾ ਸੀ ਆਣ ਵਿਚਕਾਰ ਮੀਆਂ।
ਟੁੱਟ ਗਿਆ ਸਬਰ ਟਰੰਪ ਦਾ ਸੁਣੀਂਦਾ ਈ,
ਛੱਡਿਆ ਕੱਢ ਫਿਰ ਗਰਦ ਗੁਬਾਰ ਮੀਆਂ।
ਧਮਕੀ ਚੀਨ ਨੂੰ ਦਿੱਤੀ ਉਸ ਬਹੁਤ ਕੌੜੀ,
ਉਹ ਵੀ ਲੱਗ ਪਏ ਛੱਡਣ ਨੇ ਝੱਗ ਮੀਆਂ।
ਕਾਹਦੀ ਬੈਠਕ ਤੇ ਕਾਹਦੀ ਹੈ ਗੱਲ ਹੋਣੀ,
ਰਹਿੰਦੀ ਉਗਲਣੀ ਬਾਕੀ ਹੈ ਅੱਗ ਮੀਆਂ।

ਤੀਸ ਮਾਰ ਖਾਂ

# ਕੈਲਗਰੀ ਦੀ ਮਾਂ ਤੇ ਧੀ ਦੇ ਕਤਲ ਦੇ ਸਬੰਧ ਵਿੱਚ ਇੱਕ ਵਿਅਕਤੀ ਖਿਲਾਫ ਸੈਕਿੰਡ ਡਿਗਰੀ ਮਰਡਰ ਦੇ ਦੋ ਮਾਮਲੇ ਦਰਜ




ਕੈਲਗਰੀ, 7 ਮਈ (ਪੋਸਟ ਬਿਊਰੋ) : ਕੈਲਗਰੀ ਦੀ ਮਹਿਲਾ ਤੇ ਉਸ ਦੀ 22 ਮਹੀਨਿਆਂ ਦੀ ਧੀ ਦੇ ਕਤਲ ਦੇ ਸਬੰਧ ਵਿੱਚ ਰੌਬਰਟ ਲੀਮਿੰਗ ਨਾਂ ਦੇ ਵਿਅਕਤੀ ਖਿਲਾਫ ਸੈਕਿੰਡ ਡਿਗਰੀ ਮਰਡਰ ਦੇ ਦੋ ਮਾਮਲੇ ਦਰਜ ਕੀਤੇ ਗਏ ਹਨ।

34 ਸਾਲਾ ਲੀਮਿੰਗ ਨੂੰ ਮੰਗਲਵਾਰ ਨੂੰ ਵਾਇਆ ਵੀਡੀਓ ਲਿੰਕ ਕੈਲਗਰੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਸੋਮਵਾਰ ਨੂੰ ਕੈਲਗਰੀ ਦੀ ਪੁਲਿਸ ਨੇ ਦੱਸਿਆ ਸੀ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ 25 ਸਾਲਾ ਜੈਸਮਿਨ ਲੋਵੇਟ ਤੇ ਉਸ ਦੀ ਧੀ ਆਲੀਆਹ ਸੈਂਡਰਸਨ ਦੀਆਂ ਲਾਸ਼ਾਂ ਕੈਲਗਰੀ ਨੇੜੇ ਸਥਿਤ ਜੰਗਲ ਵਿੱਚੋਂ ਮਿਲ ਗਈਆਂ ਹਨ। ਇੱਥੇ ਦੱਸਣਾ ਬਣਦਾ ਹੈ ਕਿ ਮਾਂ-ਧੀ ਟਾਊਨਹਾਊਸ ਵਿੱਚ ਲੀਮਿੰਗ ਨਾਲ ਰਹਿੰਦੀਆਂ ਸਨ। ਲੀਮਿੰਗ ਉਨ੍ਹਾਂ ਦਾ ਮਕਾਨ ਮਾਲਕ ਸੀ।

ਲੋਵੇਟ ਤੇ ਆਲੀਆਹ 16 ਅਪਰੈਲ ਤੋਂ ਲਾਪਤਾ ਸਨ। ਪਰ ਇੱਕ ਹਫਤੇ ਬਾਅਦ ਉਨ੍ਹਾਂ ਦੇ ਲਾਪਤਾ ਹੋਣ ਦੀ ਖਬਰ ਮਿਲੀ, ਉਹ ਵੀ ਉਦੋਂ ਜਦੋਂ ਉਹ ਪਰਿਵਾਰ ਵੱਲੋਂ ਰੱਖੇ ਡਿਨਰ ਉੱਤੇ ਨਹੀਂ ਪਹੁੰਚ ਸਕੀਆਂ। ਪੁਲਿਸ ਨੇ ਦੱਸਿਆ ਕਿ ਲੀਮਿੰਗ ਤੇ ਲੋਵੇਟ ਦਰਮਿਆਨ ਨਜ਼ਦੀਕੀ ਰਿਸ਼ਤਾ ਸੀ ਤੇ ਇਹ ਕਤਲ ਵੀ ਘਰੇਲੂ ਮਸਲਿਆਂ ਕਾਰਨ ਹੋਏ ਲੱਗਦੇ ਹਨ।

ਸੋਮਵਾਰ ਨੂੰ ਇੱਕ ਬਿਆਨ ਵਿੱਚ ਲੋਵੇਟ ਪਰਿਵਾਰ ਨੇ ਜੈਸਮੀਨ ਤੇ ਆਲੀਆਹ ਦੀਆਂ ਲਾਸ਼ਾਂ ਲੱਭਣ ਵਿੱਚ ਮਦਦ ਕਰਨ ਲਈ ਕੈਲਗਰੀ ਪੁਲਿਸ ਸਰਵਿਸ ਤੇ ਜਨਤਾ ਦਾ ਸ਼ੁਕਰੀਆ ਅਦਾ ਕੀਤਾ। ਪਰਿਵਾਰ ਨੇ ਆਖਿਆ ਕਿ ਸਾਡੀਆਂ ਜ਼ਿੰਦਗੀਆਂ ਤਬਾਹ ਹੋ ਚੁੱਕੀਆਂ ਹਨ ਤੇ ਸਾਡੇ ਮਨ ਭਾਰੀ ਹਨ। ਅਸੀਂ ਅਜੇ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਤਰ੍ਹਾਂ ਦੀ ਤ੍ਰਾਸਦੀ ਸਾਡੇ ਬੱਚਿਆਂ ਨਾਲ ਕਿਵੇਂ ਹੋ ਸਕਦੀ ਹੈ। ਲੀਮਿੰਗ ਵੈਸੇ ਬ੍ਰਿਟਿਸ਼ ਨਾਗਰਿਕ ਹੈ ਜੋ ਕਿ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਟ ਵਜੋਂ ਰਹਿ ਰਿਹਾ ਹੈ। ਉਸ ਨੂੰ ਹੁਣ 14 ਮਈ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਹੰਸ ਰਾਜ ਹੰਸ ਨੂੰ ਮੁਸਲਿਮ ਕਹਿਣ ਉੱਤੇ ਭਾਈਚਾਰੇ ਵੱਲੋਂ ਦਿੱਲੀ ਵਿੱਚ ਧਰਨਾ

ਨਵੀਂ ਦਿੱਲੀ, 7 ਮਈ, (ਪੋਸਟ ਬਿਊਰੋ)- ਉੱਤਰ ਪੱਛਮੀ ਦਿੱਲੀ ਦੇ ਪਾਰਲੀਮੈਂਟ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਆਮ ਆਦਮੀ ਪਾਰਟੀ (ਆਪ) ਵੱਲੋਂ ਮੁਸਲਮਾਨ ਕਹੇ ਜਾਣ ਪਿੱਛੋਂ ਭਾਜਪਾ ਵਰਕਰਾਂ ਅਤੇ ਵਾਲਮੀਕਿ ਸਮਾਜ ਨੇ ਨਰਾਜ਼ਗੀ ਜ਼ਾਹਰ ਕੀਤੀ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਵਾਲਮੀਕਿ ਮੰਦਰ ਅੱਗੇ ਧਰਨਾ ਦਿੱਤਾ, ਜਿਸ ਵਿੱਚ ਕੇਂਦਰੀ ਰਾਜ ਮੰਤਰੀ ਵਿਜੇ ਗੋਇਲ ਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਸ਼ਾਮਿਲ ਸਨ।

ਇਸ ਮੌਕੇ ਵਿਜੇ ਗੋਇਲ ਨੇ ਕਿਹਾ ਕਿ ਆਪਣੀ ਹਾਰਹੁੰਦੀਦੇਖ ਕੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀ ਇਸ ਵੇਲੇਭਾਜਪਾ ਉਮੀਦਵਾਰ ਦੇ ਖ਼ਿਲਾਫ਼ ਕੂੜ ਪ੍ਰਚਾਰ ਕਰਦੇ ਹਨ ਅਤੇ ਹੰਸਰਾਜ ਹੰਸ ਦੇ ਮੁਸਲਮਾਨ ਧਰਮ ਅਪਣਾ ਲੈਣ ਦਾ ਝੂਠ ਫੈਲਾ ਰਹੇ ਹਨ। ਗੋਇਲ ਨੇ ਕਿਹਾ ਕਿ ਪਹਿਲਾਂ ਦਿੱਲੀ ਦੇ ਮੰਤਰੀ ਰਾਜੇਂਦਰ ਪਾਲ ਗੌਤਮ ਅਤੇ ਫਿਰ ਮੁੱਖ ਮੰਤਰੀ ਕੇਜਰੀਵਾਲ ਖ਼ੁਦ ਏਦਾਂ ਦੇ ਝੂਠੇ ਦੋਸ਼ ਲਾ ਰਹੇ ਹਨ, ਜਿਸ ਦਾ ਵਾਲਮੀਕਿ ਸਮਾਜ ਵਿੱਚ ਰੋਸ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਾਲਮੀਕਿ ਸਮਾਜ ਦਾ ਅਪਮਾਨ ਕੀਤਾ ਤੇ ਵਾਲਮੀਕਿ ਸਮਾਜ ਵਿੱਚ ਪੈਦਾ ਹੋਏ, ਵਾਲਮੀਕਿ ਸਫਾਈ ਕਰਮਚਾਰੀ ਯੂਨੀਅਨ ਦੇ ਚੇਅਰਮੈਨ ਅਤੇ ਵਾਲਮੀਕਿ ਅੰਮ੍ਰਿਤਸਰ ਟਰੱਸਟ ਦੇ ਮੀਤ ਪ੍ਰਧਾਨ ਨੂੰ ਚੋਣ ਲਾਭਾਂ ਲਈ ਆਮ ਆਦਮੀ ਪਾਰਟੀ ਨੇ ਮੁਸਲਮਾਨ ਆਖਿਆ ਅਤੇ ਹੰਸਰਾਜ ਹੰਸ ਦੇ ਇਕ ਪ੍ਰੋਗਰਾਮ ਦੀ ਵੀਡੀਓ ਨੂੰ ਐਡਿਟ ਕਰ ਕੇ ਉਸ ਨੂੰ ਵਾਇਰਲ ਕੀਤਾ ਗਿਆ ਹੈ, ਜਿਸ ਦੀ ਸ਼ਿਕਾਇਤ ਅਨੁਸੂਚਿਤ ਜਾਤੀ ਅਤੇ ਜਨਜਾਤੀ ਕਮਿਸ਼ਨ ਨੂੰ ਕੀਤੀ ਜਾਵੇਗੀ। ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਵੀ ਮੁੱਖ ਮੰਤਰੀ ਕੇਜਰੀਵਾਲ ਖ਼ਿਲਾਫ਼ ਕਾਰਵਾਈ ਕਰਨ ਨੂੰ ਕਿਹਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜ਼ਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਟੋਰਾਂਟੋ ਹਾਈ ਸਕੂਲ ਵਿੱਚ ਲੱਗੀ ਜ਼ਬਰਦਸਤ ਅੱਗ

## ਅੱਗ ਉੱਤੇ ਕਾਬੂ ਪਾਉਣ ਲਈ ਫਾਇਰ ਅਮਲੇ ਨੂੰ ਕਰਨੀ ਪੈ ਰਹੀ ਹੈ ਸਖ਼ਤ ਮਸ਼ੱਕਤ

ਟੋਰਾਂਟੋ, 7 ਮਈ (ਪੋਸਟ ਬਿਊਰੋ) : ਸ਼ਹਿਰ ਦੇ ਪੱਛਮੀ ਸਿਰੇ ਉੱਤੇ ਸਥਿਤ ਸਕੂਲ ਵਿੱਚ ਲੱਗੀ ਜ਼ਬਰਦਸਤ ਅੱਗ ਉੱਤੇ ਕਾਬੂ ਪਾਉਣ ਲਈ ਫਾਇਰ ਅਮਲੇ ਵੱਲੋਂ ਸਖ਼ਤ ਮਸੱਕਤ ਕੀਤੀ ਜਾ ਰਹੀ ਹੈ।



ਫਾਇਰ ਅਮਲੇ ਨੂੰ ਸੋਮਵਾਰ ਦੁਪਹਿਰੇ 2:00 ਵਜੇ ਐਗਲਿੰਟਨ ਐਵਨਿਊ ਤੇ ਟਰੈਥਵੇਅ ਡਰਾਈਵ ਏਰੀਆ ਵਿੱਚ ਯੌਰਕ ਮੈਮੋਰੀਅਲ ਕਾਲਜੀਏਟ ਇੰਸਟੀਚਿਊਟ ਵਿਖੇ ਸੱਦਿਆ ਗਿਆ। ਇਮਾਰਤ ਵਿੱਚੋਂ ਵਿਦਿਆਰਥੀ ਤੇ ਅਧਿਆਪਕ ਸਹੀ ਸਲਾਮਤ ਬਾਹਰ ਨਿਕਲ ਗਏ ਪਰ ਟੋਰਾਂਟੋ ਫਾਇਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਕ ਵਾਰੀ ਅੱਗ ਉੱਤੇ ਦੁਪਹਿਰ ਦੇ ਚਾਰ ਵਜੇ ਤੱਕ ਕਾਬੂ ਪਾ ਲਿਆ ਗਿਆ।

ਫਿਰ ਵੀ ਅੱਗ ਪੂਰੀ ਤਰ੍ਹਾਂ ਨਹੀਂ ਸੀ ਬੁਝੀ ਇਸ ਲਈ ਥਰਮਲ ਇਮੇਜਿੰਗ ਕੈਮਰੇ ਰਾਹੀਂ ਰਾਤ ਭਰ ਇਮਾਰਤ ਉੱਤੇ ਨਜ਼ਰ ਰੱਖੀ ਗਈ। ਟੋਰਾਂਟੋ ਫਾਇਰ ਕੈਪਟਨ ਡੇਵਿਡ ਐਕਰਮੈਨ ਨੇ ਦੱਸਿਆ ਕਿ ਤੜ੍ਹਕੇ 3:24 ਉੱਤੇ ਅੱਗ ਵਾਲੀ ਅਸਲ ਥਾਂ ਦਾ ਪਤਾ ਲੱਗਣ ਤੋਂ ਬਾਅਦ ਦੂਜੀ ਵਾਰੀ ਅਲਾਰਮ ਵੱਜਿਆ। ਟੋਰਾਂਟੋ ਫਾਇਰ ਚੀਫ ਮੈਥਿਊ ਪੈੱਗ ਨੇ ਆਖਿਆ ਕਿ ਇੰਜ ਲੱਗ ਰਿਹਾ ਸੀ ਕਿ ਜਿਵੇਂ ਕੱਲ੍ਹ ਸ਼ੁਰੂ ਹੋਈ ਅੱਗ ਨਾਲੋਂ ਰਾਤੀਂ ਲੱਗੀ ਅੱਗ ਕਾਫੀ ਵੱਖਰੀ ਸੀ। ਸਵੇਰੇ 5:30 ਵਜੇ ਦੇ ਨੇੜੇ ਤੇੜੇ ਇਮਾਰਤ ਵਿੱਚੋਂ ਧੂੰਆਂ ਤੇ ਅੱਗ ਦੀਆਂ ਲਪਟਾਂ ਨਿਕਲਣ ਲੱਗੀਆਂ। ਇਸ ਨੂੰ ਫਾਈਵ ਅਲਾਰਮ ਸਿਚੁਏਸ਼ਨ ਦੱਸਿਆ ਗਿਆ।

ਸਟੇਜ ਤੇ ਆਡੀਟੋਰੀਅਮ ਵਾਲੇ ਇਲਾਕੇ ਵਿੱਚ ਲੱਗੀ ਅੱਗ ਖ਼ਤਮ ਹੋਣ ਦਾ ਨਾਂ ਹੀ ਨਹੀਂ ਸੀ ਲੈ ਰਹੀ। ਅੱਗ ਪਹਿਲੀ ਤੇ ਦੂਜੀ ਮੰਜ਼ਿਲ ਦੀਆਂ ਕੰਧਾਂ ਤੋਂ ਹੁੰਦੀ ਹੋਈ ਉੱਪਰ ਵੱਲ ਵੱਧ ਰਹੀ ਸੀ ਤੇ ਸਟੇਜ ਥੱਲੇ ਵੀ ਅੱਗ ਲੱਗੀ ਹੀ ਰਹੀ। ਬਾਅਦ ਵਿੱਚ ਇਹ ਅੱਗ ਛੱਤ ਤੱਕ ਪਹੁੰਚ ਗਈ। ਐਕਰਮੈਨ ਨੇ ਆਖਿਆ ਕਿ ਸਟੇਜ ਦਾ ਹਿੱਸਾ ਕੱਟ ਕੇ ਬੇਸਮੈਂਟ ਵਿੱਚ ਵੀ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਪਰ ਇਮਾਰਤ ਦੀ ਪਹਿਲੀ ਮੰਜ਼ਿਲ ਅੰਸ਼ਕ ਰੂਪ ਵਿੱਚ ਢਹਿ ਚੁੱਕੀ ਹੈ। ਉਨ੍ਹਾਂ ਆਖਿਆ ਕਿ ਹੁਣ ਇਮਾਰਤ ਦੇ ਸਮੁੱਚੇ ਰੂਪ ਵਿੱਚ ਢਹਿਣ ਦਾ ਖਦਸ਼ਾ ਵੀ ਬਣਿਆ ਹੋਇਆ ਹੈ ਇਸ ਲਈ ਅਮਲੇ ਨੂੰ ਵੀ ਅਹਿਤਿਆਤ ਵਰਤਣ ਲਈ ਆਖਿਆ ਜਾ ਰਿਹਾ ਹੈ। ਸੋਮਵਾਰ ਨੂੰ ਇੱਕ ਵਿਅਕਤੀ ਨੂੰ ਧੂੰਆਂ ਚੜ੍ਹਨ ਕਾਰਨ ਸਿਹਫ ਵਿਗੜਨ ਕਾਰਨ ਉਸ ਦਾ ਇਲਾਜ ਕਰਵਾਇਆ ਗਿਆ ਪਰ ਕਿਸੇ ਦੇ ਗੰਭੀਰ ਜ਼ਖ਼ਮੀ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਅੱਗ ਨਾਲ ਕਿੰਨਾਂ ਨੁਕਸਾਨ ਹੋਇਆ ਹੈ ਇਸ ਬਾਰੇ ਸਹੀ ਅੰਦਾਜ਼ਾ ਨਹੀਂ ਲਾਇਆ ਜਾ ਸਕਿਆ ਹੈ।

PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4


# ਗ੍ਰਹਿ ਮੰਤਰਾਲੇ ਵੱਲੋਂ ਪ੍ਰਵਾਸੀ ਭਾਰਤੀਆਂ ਦੀ 'ਕਾਲੀ ਸੂਚੀ' ਖਤਮ ਕਰਨ ਦਾ ਐਲਾਨ

ਨਵੀਂ ਦਿੱਲੀ, 7 ਮਈ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਭਾਰਤੀ ਮੂਲ ਦੇ ਉਨ੍ਹਾਂ ਪ੍ਰਵਾਸੀ ਲੋਕਾਂ ਦੀ 'ਕਾਲੀ ਸੂਚੀ' ਅੱਜ ਖ਼ਤਮ ਕਰ ਦਿੱਤੀ ਹੈ, ਜਿਨ੍ਹਾਂ ਨੇ ਭਾਰਤ ਵਿੱਚਕਿਸੇ ਵੀ ਤਰ੍ਹਾਂਦਾਜ਼ੁਲਮ ਹੋਣ ਦੀ ਸ਼ਿਕਾਇਤ ਕਰ ਕੇ ਵਿਦੇਸ਼ਾਂ ਵਿੱਚ ਪਨਾਹ ਮੰਗੀ ਹੋਈ ਸੀ। ਵਿਦੇਸ਼ਾਂ ਵਿਚਲੇ ਭਾਰਤੀ ਹਾਈ ਕਮਿਸ਼ਨਾਂ ਅਤੇ ਅੰਬੈਸੀਆਂ ਵੱਲੋਂ ਬਣਾਈ ਜਾਂਦੀ ਇਸ ਸੂਚੀ ਵਿੱਚਬਹੁਤ ਸਾਰੇ ਸਿੱਖ ਵੀ ਸ਼ਾਮਲ ਕਹੇ ਜਾਂਦੇ ਸਨ।

ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਅੱਜ ਏਥੇ ਕਿਹਾ ਕਿ ਇਸ ਤਰ੍ਹਾਂ ਦੇ ਸਭਲੋਕਾਂ ਨੂੰ ਰੈਗੂਲਰ ਵੀਜ਼ੇ ਨਾਲ ਭਾਰਤ ਦੇ ਪ੍ਰਵਾਸੀ ਨਾਗਰਿਕ (ਓਸੀਆਈ) ਵਾਲੇ ਹੱਕ ਵੀ ਦੇ ਦਿੱਤੇ ਜਾਣਗੇ। ਵਿਦੇਸ਼ ਵਿੱਚ ਭਾਰਤੀ ਮੂਲ ਦੇ ਸ਼ਰਨਾਰਥੀਆਂ ਨੂੰ ਭਾਰਤੀ ਦੂਤਘਰਾਂ ਤੇ ਹਾਈ ਕਮਿਸ਼ਨਾਂ ਨੇ ਉਦੋਂ ਤੋਂ ਵੀਜ਼ਾ ਦੇਣ ਤੋਂਨਾਂਹ ਕਰ ਦਿੱਤੀ ਸੀ, ਜਦੋਂ ਉਨ੍ਹਾਂ ਨੇ ਭਾਰਤ ਵਿੱਚਜ਼ੁਲਮ ਦਾ ਜ਼ਿਕਰ ਕਰ ਕੇ ਵਿਦੇਸ਼ ਵਿੱਚ ਪਨਾਹ ਲਈ ਸੀ। ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਦੇ ਮੁਤਾਬਕ ਇਸ ਮੰਤਰਾਲੇ ਨੇ ਅੱਗੇ ਤੋਂ ਅਜਿਹੀ ਕੋਈ ਵੀ ਕਾਲੀ ਸੂਚੀ ਰੱਖਣੀ ਬੰਦ ਕਰ ਦਿੱਤੀ ਹੈ। ਜਿਹੜੇ ਸ਼ਰਨਾਰਥੀ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਭਾਰਤ ਸਰਕਾਰ ਦੀ ਮੁੱਖ ਸੂਚੀ ਵਿੱਚਨਹੀਂ, ਉਨ੍ਹਾਂ ਨੂੰ ਉਸ ਸੰਬੰਧਤ ਦੇਸ਼ ਦੇ ਲੋਕਾਂ ਵਾਂਗ ਵੀਜ਼ਾ ਅਤੇ ਕਾਰੋਬਾਰੀ ਸੇਵਾ ਦਿੱਤੀ ਜਾਵੇਗੀ, ਜਿਸ ਵਿੱਚ ਉਹ ਰਹਿੰਦੇ ਹਨ। ਏਦਾਂ ਦੇ ਭਾਰਤਵੰਸ਼ੀਆਂ ਵਿੱਚਵਧੇਰੇ ਸਿੱਖ ਦੱਸੇ ਜਾਂਦੇ ਹਨ। ਅਧਿਕਾਰੀਆਂ ਨੇ ਕਿਹਾ ਕਿ ਜੇ ਉਹ ਜੇ ਘੱਟੋ ਘੱਟ ਦੋ ਸਾਲ ਤਕ ਆਮ ਭਾਰਤੀ ਵੀਜ਼ਾ ਰੱਖਦੇ ਹਨ ਤਾਂ ਫਿਰ ਉਹ ਓਸੀਆਈ ਕਾਰਡ ਵੀ ਹਾਸਲ ਕਰ ਸਕਦੇ ਹਨ।

ਇਕ ਹੋਰ ਅਫਸਰ ਨੇ ਦੱਸਿਆ ਕਿ ਸੂਬਾ ਸਰਕਾਰਾਂ ਤੇ ਵਿਦੇਸ਼ਾਂ ਵਿਚਲੇਰੀਜਨਲ ਰਜਿਸਟ੍ਰੇਸ਼ਨ ਅਧਿਕਾਰੀ (ਐੱਫ ਆਰਆਰਓ) ਦੂਸਰੇ ਦੇਸ਼ਾਂ ਦੇ ਨਾਗਰਿਕਾਂ ਨੂੰ ਗ਼ੈਰ ਟੂਰਿਸਟ ਕੰਮਾਂ ਲਈ ਵੀ ਆਗਿਆ ਦੇ ਸਕਦੇ ਹਨ ਅਤੇ ਉਨ੍ਹਾਂ ਖੇਤਰਾਂ ਵਿੱਚ ਜਾਣ ਦੀ ਆਗਿਆ ਵੀ ਦੇ ਸਕਦੇ ਹਨ, ਜਿਨ੍ਹਾਂ ਨੂੰ ਸੈਰ ਸਪਾਟੇ ਲਈ ਅਜੇ ਤੱਕ ਖੋਲ੍ਹਿਆ ਨਹੀਂ ਗਿਆ। ਉੱਤਰ ਪੂਰਬ ਦੇ ਰਾਜਾਂ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਦੇ ਕੁਝ ਹਿੱਸਿਆਂ ਤੇ ਅੰਡਮਾਨ-ਨਿਕੋਬਾਰਦੇ ਕੁਝ ਟਾਪੂਆਂ ਨੂੰ ਸਾਂਭ ਸੰਭਾਲ ਦੇ ਪੱਖ ਤੋਂ ਪਾਬੰਦੀਸ਼ੁਦਾ ਇਲਾਕੇ ਐਲਾਨ ਕੀਤਾ ਹੋਇਆ ਹੈ ਤੇ ਕਿਸੇ ਵਿਦੇਸ਼ੀ ਟੂਰਿਸਟ ਨੂੰ ਇਨ੍ਹਾਂ ਥਾਵਾਂ ਉੱਤੇ ਜਾਣ ਤੋਂ ਪਹਿਲਾਂ ਵਿਸ਼ੇਸ਼ ਇਜਾਜ਼ਤ ਲੈਣ ਦੀ ਲੋੜ ਹੁੰਦੀ ਹੈ।

## ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਕਰਨੈਲ ਕੌਰ ਗਰਚਾ ਪਤਨੀ ਸਵ: ਸ੍ਰੀ ਸੁਖਦੇਵ ਸਿੰਘ ਗਰਚਾ, ਪਿੰਡ ਕੋਹਾੜਾ, ਜਿਲ੍ਹਾ ਲੁਧਿਆਣਾ ਬੀਤੀ 28 ਅਪ੍ਰੈਲ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਨਮਿਤ ਰੱਖੇ ਪਾਠ ਦੇ ਭੋਗ 12 ਮਈ ਨੂੰ Lotus funeral 121 city view DR Etobicoke ਵਿਖੇ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਪੁੱਤਰ ਨਛੱਤਰ ਸਿੰਘ ਗਰਚਾ ਨਾਲ 306-581-4818, 647-401-4276, 905-488-8760 ਨੰਬਰਾਂ ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

SherGill Law Firm
Barrister, Solicitor & Notary Public
Services:
- Real Estate
- Residential, Commercial, Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਵੱਡੇ ਢੀਂਡਸਾ ਨੇ ਪੁੱਤਰ ਦੀ ਜਿੱਤ ਖਾਤਰ ਰਾਜਸੀ ਪੱਖੋਂ ਧਾਰੀ ਹੋਈ ਚੁੱਪ ਤੋੜੀ

### * ਐੱਨ ਡੀ ਏ ਗੱਠਜੋੜ ਦੇ ਸਾਰੇ ਉਮੀਦਵਾਰਾਂ ਦੀ ਜਿੱਤ ਲਈ ਅਪੀਲ ਜਾਰੀ



ਨਵੀਂ ਦਿੱਲੀ, 7 ਮਈ, (ਪੋਸਟ ਬਿਊਰੋ)- ਅਕਾਲੀ ਦਲ ਦੇ ਸਾਰੇ ਅਹੁਦਿਆਂਤੋਂਕਈ ਹਫਤੇ ਪਹਿਲਾਂ ਅਸਤੀਫ਼ਾ ਦੇ ਚੁੱਕੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਅੱਜ ਆਪਣੀ ਚੁੱਪ ਤੋੜੀ ਤੇ ਐੱਨ ਡੀ ਏ ਗੱਠਜੋੜ ਦੇ ਉਮੀਦਵਾਰਾਂ ਨੂੰ ਜਿਤਾਉਣ ਦਾ ਹੋਕਾ ਦਿੱਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੁਣਗਾਨ ਕੀਤਾ ਹੈ। ਉਨ੍ਹਾ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਦੇਸ਼ ਦੇ ਭਲੇ ਲਈ ਐੱਨ ਡੀ ਏਗੱਠਜੋੜ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ।

ਅੱਜ ਏਥੇ ਦਿੱਲੀ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਸੁਖਦੇਵ ਸਿੰਘਢੀਂਡਸਾ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਸੱਜਣ ਕੁਮਾਰ ਨੂੰ ਜੇਲ੍ਹ ਭੇਜਣ, ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ, ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ, ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਮਨਾਉਣ, ਲੰਗਰ ਉੱਤੇ ਲੱਗਾ ਜੀ ਐੱਸਟੀ ਟੈਕਸ ਮਾਫ਼ ਕਰਨ ਅਤੇ ਸਿੱਖਾਂ ਦੇ ਨਾਂਵਾਂ ਦੀ ਕਾਲੀ ਸੂਚੀ ਖ਼ਤਮ ਕਰਨਦੇ ਅਹਿਮ ਫ਼ੈਸਲੇ ਲਏ ਹਨ। ਉਨ੍ਹਾਂ ਕਿਹਾ ਕਿ ਉਹ ਐੱਨ ਡੀ ਏਗੱਠਜੋੜ ਦੇ ਸਾਰੇ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਕਰਦੇ ਹਨ, ਜਿਨ੍ਹਾਂ ਵਿਚ ਸੰਗਰੂਰ ਹਲਕਾ ਸ਼ਾਮਲ ਹੈ, ਜਿੱਥੋਂ ਸੁਖਦੇਵ ਸਿੰਘ ਢੀਂਡਸਾ ਦਾ ਪੁੱਤਰ ਪਰਮਿੰਦਰ ਸਿੰਘ ਅਕਾਲੀ ਟਿਕਟ ਉੱਤੇ ਚੋਣ ਲੜ ਰਿਹਾ ਹੈ।

ਵਰਨਣ ਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮਤਭੇਦਾਂ ਅਤੇ ਨਾਰਾਜ਼ਗੀ ਕਾਰਨ ਕਈ ਮਹੀਨੇ ਪਹਿਲਾਂਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ। ਓਦੋਂ ਢੀਂਡਸਾ ਨੇ ਇਸ ਅਸਤੀਫ਼ੇ ਦੇ ਪਿੱਛੇ ਆਪਣੀ ਸੁਖਬੀਰ ਸਿੰਘ ਬਾਦਲ ਦੇ ਨਾਲ ਕਈ ਮੁੱਦਿਆਂ ਉੱਤੇ ਨਾਰਾਜ਼ਗੀ ਤੋਂ ਇਲਾਵਾ ਆਪਣੀ ਖ਼ਰਾਬ ਸਿਹਤ ਦਾ ਹਵਾਲਾ ਦਿੱਤਾ ਅਤੇ ਕਿਹਾ ਸੀ ਕਿ ਉਹ ਪਾਰਟੀ ਨਹੀਂਛੱਡ ਰਹੇ, ਸਿਰਫ ਅਹੁਦੇ ਛੱਡ ਰਹੇ ਹਨ। ਇਸ ਕਾਰਨ ਉਨ੍ਹਾਂ ਨੇ ਆਪਣੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਸੰਗਰੂਰ ਹਲਕੇ ਤੋਂ ਲੋਕ ਸਭਾ ਦੀ ਚੋਣ ਨਾ ਲੜਨਲਈ ਵੀ ਸਲਾਹਦਿੱਤੀ ਸੀ, ਪਰ ਜਦੋਂ ਅਕਾਲੀ ਦਲ ਨੇ ਪ੍ਰਮਿੰਦਰ ਸਿੰਘ ਨੂੰ ਟਿਕਟ ਦੇ ਦਿੱਤੀ ਤਾਂ ਵੱਡੇ ਢੀਂਡਸਾ ਨੇ ਪੁੱਤਰ ਨੂੰ ਸ਼ੁਭ-ਕਾਮਨਾਵਾਂ ਦੇ ਕੇ ਕਿਹਾ ਸੀ ਕਿ ਮੈਂ ਪਾਰਟੀ ਉਮੀਦਵਾਰਾਂ ਲਈ ਚੋਣ ਪ੍ਰਚਾਰ ਨਹੀਂ ਕਰਾਂਗਾ।

ਹਲਕਾ ਸੰਗਰੂਰ ਵਿਚ ਵੱਡੇ ਢੀਂਡਸਾ ਦੀ ਗ਼ੈਰ ਹਾਜ਼ਰੀ ਅਕਾਲੀ ਦਲ ਨੂੰ ਚੋਣ ਪ੍ਰਚਾਰ ਵਿੱਚ ਲਗਾਤਾਰ ਰੜਕਦੀ ਆ ਰਹੀ ਹੈ, ਪ੍ਰੰਤੂ ਮੰਗਲਵਾਰ ਨੂੰ ਅਚਾਨਕ ਦਿੱਲੀ ਵਿਚ ਉਨ੍ਹਾਂ ਨੇ ਭਾਜਪਾ ਗੱਠਜੋੜ ਦੇ ਉਮੀਦਵਾਰਾਂ ਲਈ ਇਹ ਐਲਾਨ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ।ਪੰਜਾਬ ਦੇ ਚੋਣ ਪ੍ਰਚਾਰ ਤੋਂ ਗ਼ਾਇਬ ਹੋਣ ਬਾਰੇ ਸਵਾਲ ਦੇ ਜਵਾਬ ਵਿਚ ਢੀਂਡਸਾ ਨੇ ਕਿਹਾ ਕਿ ਉਹ ਚੋਣ ਪ੍ਰਚਾਰ ਵਾਸਤੇ ਹੀ ਇਹ ਅਪੀਲ ਕਰ ਰਹੇ ਹਨ। ਜਦੋਂ ਉਹ ਅਕਾਲੀ ਦਲਦੇ ਸਭ ਅਹੁਦਿਆਂ ਤੋਂ ਅਸਤੀਫ਼ਾ ਦੇ ਕੇ ਬਾਦਲ ਬਾਪ-ਬੇਟੇ ਨੂੰ ਬਾਗ਼ੀ ਸੁਰਾਂ ਵਿਖਾ ਰਹੇ ਸਨ ਤਾਂ ਸੁਖਦੇਵ ਸਿੰਘ ਢੀਂਡਸਾ ਨੂੰ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਓਦੋਂ ਪਦਮ ਭੂਸ਼ਣ ਐਵਾਰਡ ਨਾਲ ਨਿਵਾਜਿਆ ਸੀ। ਉਸ ਵਕਤਤੋਂ ਸਿਆਸੀ ਹਲਕਿਆਂ ਵਿਚ ਇਹ ਚਰਚੇ ਚੱਲ ਰਹੇ ਹਨ ਕਿ ਵੱਡੇ ਢੀਂਡਸਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿੱਧੇ ਸੰਪਰਕ ਵਿਚ ਹਨ।

# ਮਮਤਾ ਬੈਨਰਜੀ ਨੇ ਨਰਿੰਦਰ ਮੋਦੀ ਨੂੰ 'ਦੰਗਾਈ' ਕਹਿ ਦਿੱਤਾ



ਕੋਲਕਾਤਾ, 7 ਮਈ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਹਮਲਾ ਕੀਤਾ ਹੈ। ਉਨ੍ਹਾਂ ਨੇ ਬਾਂਕੁਰਾ ਪਾਰਲੀਮੈਂਟ ਹਲਕੇ ਦੇ ਰਾਨੀਬਾਂਧ ਵਿੱਚ ਆਪਣੇ ਪਾਰਟੀ ਉਮੀਦਵਾਰ ਸੁਬਰਤ ਮੁਖਰਜੀ ਵਾਸਤੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੂੰ 'ਦੰਗਾਈ' ਕਹਿਕੇ ਨਾਲ ਇਹ ਕਿਹਾ ਕਿ ਮੋਦੀ ਝੂਠ ਬੋਲਦੇ ਹਨ ਤੇ ਝੂਠ ਦੀ ਸਿਆਸਤ ਕਰ ਕੇ ਕੇਂਦਰੀ ਸੱਤਾ ਵਿੱਚ ਰਹਿਣਾ ਚਾਹੁੰਦੇ ਹਨ।

ਇਸ ਮੌਕੇ ਮਮਤਾ ਬੈਨਰਜੀ ਨੇ ਕਿਹਾ ਕਿ ਭਾਜਪਾ ਵਾਲੇ ਕਹਿੰਦੇ ਹਨ ਕਿ ਬੰਗਾਲਦੇ ਲੋਕਾਂ ਨੂੰ ਦੁਰਗਾ ਪੂਜਾ ਨਹੀਂ ਕਰਨ ਦਿੱਤੀ ਜਾਂਦੀ, ਪਰ ਸੱਚ ਇਹ ਹੈ ਕਿ ਮੋਦੀ ਮਾਂ ਦੁਰਗਾ ਦਾ ਸਰੂਪ ਨਹੀਂ ਸਮਝਦੇ, ਨਾ ਉਹ ਬੰਗਾਲ ਦੇ ਸੱਭਿਆਚਾਰ ਤੋਂ ਜਾਣੂੰ ਹਨ, ਉਨ੍ਹਾਂ ਨੇ ਸਿਰਫ਼ ਵੰਡਣ ਦੀ ਸਿਆਸਤ ਕੀਤੀ ਹੈ, ਕਦੀ ਹਿੰਦੂ-ਮੁਸਲਮਾਨ ਦੇ ਨਾਂ ਉੱਤੇ ਅਤੇ ਕਦੀ ਜਾਤ ਦੇ ਆਧਾਰ ਉੱਤੇ ਲੋਕਾਂ ਨੂੰ ਵੰਡ ਕੇ ਆਪਣੀਆਂ ਰੋਟੀਆਂ ਸੇਕਦੇ ਹਨ, ਉਨ੍ਹਾਂ ਦੀ ਇਹ ਚਾਲ ਬੰਗਾਲ ਵਿੱਚਨਹੀਂਚੱਲੇਗੀ। ਚੋਣਾਂ ਤੋਂ ਬਾਅਦ ਮੈਂ ਉਨ੍ਹਾਂ ਨੂੰ ਇਸੇ ਬਾਂਕੁਰਾ ਦੀ ਲਾਲ ਮਿੱਟੀ ਦੇ ਲੱਡੂ ਬਣਾ ਕੇ ਖੁਆਵਾਂਗੀ।ਉਨ੍ਹਾਂ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਭਾਜਪਾ ਲੋਕਾਂ ਦਾ ਖ਼ੂਨ ਵਗਾਉਣ ਦਾ ਕੰਮ ਕਰ ਰਹੀ ਹੈ, ਪਰ ਦੇਸ਼ ਤੇ ਬੰਗਾਲ ਦੀ ਜਨਤਾ 'ਦੰਗੇਬਾਜ਼ ਮੋਦੀ' ਨੂੰ ਸਿਰੇ ਤੋਂਰੱਦ ਕਰ ਕੇ ਕੇਂਦਰ ਦੀ ਸੱਤਾ ਤੋਂ ਬੇਦਖ਼ਲ ਕਰਨ ਲੱਗੀ ਹੈ। ਮਮਤਾ ਨੇ ਕਿਹਾ ਕਿ ਮੋਦੀ ਰਾਜ ਵਿੱਚ ਕਿਸਾਨ ਵਿਲਕਦੇ ਰਹੇ, ਦਿੱਲੀ ਤੱਕ ਗਏ, ਇਸ ਦੇ ਬਾਵਜੂਦ ਮੋਦੀ ਨੇ ਉਨ੍ਹਾਂ ਦੀ ਇਕ ਨਹੀਂ ਸੁਣੀ,ਦੇਸ਼ ਵਿੱਚ ਕਰੀਬ 12 ਹਜ਼ਾਰ ਕਿਸਾਨਾਂ ਨੇ ਖ਼ੁਦਕੁਸ਼ੀ ਕਰ ਲਈ, ਫਿਰ ਵੀ ਮੋਦੀ ਨੂੰ ਕਿਸਾਨਾਂ ਦਾ ਦਰਦ ਪਤਾਨਹੀਂਲੱਗਾ। ਪਿਛਲੀ ਵਾਰ ਚੋਣਾਂ ਵਿੱਚ ਮੋਦੀ ਨੇ 15 ਲੱਖ ਰੁਪਏ ਹਰ ਭਾਰਤੀ ਨੂੰ ਦੇਣ ਦੀ ਗੱਲ ਕਹੀ ਤੇ ਪਿੱਛੋਂ ਉਸ ਨੂੰ ਚੋਣ ਜੁਮਲਾ ਕਰਾਰ ਦੇ ਕੇ ਦੇਸ਼ ਦੀ ਜਨਤਾ ਨੂੰ ਲੁੱਟਿਆ ਸੀ। ਉਨ੍ਹਾ ਨੇ ਕਿਹਾ ਕਿ ਮੋਦੀ ਰਾਜ ਵਿੱਚ ਨਾ 'ਅੱਛੇ ਦਿਨ' ਆਏ ਅਤੇ ਨਾ ਕੇਂਦਰ ਦੀ ਮੋਦੀ ਸਰਕਾਰ ਨੇ ਕੋਈ ਅੱਛਾ ਕੰਮ ਕੀਤਾ। ਪੰਜ ਸਾਲਾਂ ਤਕ ਸਿਰਫ਼ ਵਿਦੇਸ਼ ਚੱਕਰ ਲਾਉਣ ਵਾਲੇ ਮੋਦੀ ਨੂੰ ਇਕ ਵਾਰ ਫਿਰਚੋਣਾਂ ਦੌਰਾਨ ਜਨਤਾ ਦੀ ਯਾਦ ਆਈ ਹੈ, ਪਰ ਨਾ ਬੰਗਾਲ ਤੇ ਨਾਦੇਸ਼ ਦੀ ਜਨਤਾ ਉਨ੍ਹਾਂ ਨੂੰ ਵੋਟਾਂ ਦੇਵੇਗੀ।

ਬਾਅਦ ਵਿੱਚ ਪੁਰੂਲੀਆ ਦੇ ਸਾਤੁੜੀ ਹਲਕੇ ਵਿੱਚ ਪਾਰਟੀ ਉਮੀਦਵਾਰ ਡਾ. ਮ੍ਰਿਗਾਂਕਾ ਮਹਿਤੋ ਦੀ ਪੱਖ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਬੈਨਰਜੀ ਨੇ ਕਿਹਾ ਕਿ ਅਸੀਂ ਦੰਗਿਆਂ ਤੇ ਧਰਮ ਦੇ ਨਾਂ ਉੱਤੇ ਲੋਕਾਂਤੋਂ ਵੋਟਾਂਨਹੀਂ ਮੰਗਦੇ, ਅਸੀਂ ਵਿਕਾਸ ਕਰਦੇ ਹਾਂ ਤੇ ਵਿਕਾਸ ਦੇ ਨਾਂ ਉੱਤੇ ਵੋਟਾਂ ਮੰਗਦੇ ਹਾਂ।

# ਤਲਾਕ ਦਿੱਤੇ ਬਿਨਾਂ ਵਿਆਹ ਕਰਨ ਵਾਲੇ ਅਤੇ ਦੂਜੀ ਪਤਨੀ ਦੇ ਵੀ ਖਿਲਾਫ ਕੇਸ ਦਰਜ

ਗੁਰਦਾਸਪੁਰ, 7 ਮਈ (ਪੋਸਟ ਬਿਊਰੋ)- ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਦੂਸਰਾ ਵਿਆਹ ਕਰਵਾਉਣ ਵਾਲੇ ਅਤੇ ਦੂਸਰੀ ਪਤਨੀ ਖਿਲਾਫ ਪੁਲਸ ਨੇ ਕੇਸ ਦਰਜ ਕੀਤਾ ਹੈ।

ਪੀੜਤ ਔਰਤ ਰਾਜਿੰਦਰ ਕੌਰ ਪੁੱਤਰੀ ਬਲਵਿੰਦਰ ਸਿੰਘ ਵਾਸੀ ਡੇਅਰੀਵਾਲ ਕਿਰਨ ਨੇ 26 ਮਾਰਚ ਨੂੰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਸ ਦੀ ਸ਼ਾਦੀ ਸੁਖਰਾਜ ਸਿੰਘ ਪੁੱਤਰ ਬਲਵਿੰਦਰ ਸਿੰਘ ਪਿੰਡ ਗਵਾਰਾ ਜ਼ਿਲਾ ਗੁਰਦਾਸਪੁਰ ਨਾਲ ਦੋ ਮਈ 2010 ਨੂੰ ਹੋਈ ਸੀ। ਉਨ੍ਹਾਂ ਦਾ ਇਕ ਲੜਕਾ ਅੰਸ਼ਦੀਪ ਹੈ। ਉਸ ਨੇ ਦੱਸਿਆ ਕਿ ਉਸ ਦੇ ਪਤੀ ਨੇ ਉਸ ਨੂੰ ਤਲਾਕ ਦਿੱਤੇ ਬਿਨਾਂ ਰੁਪਿੰਦਰ ਕੌਰ ਪੁੱਤਰੀ ਟਹਿਲ ਸਿੰਘ ਵਾਸੀ ਪਟਿਆਲਾ ਨਾਲ ਦੂਜਾ ਵਿਆਹ ਕਰਵਾ ਲਿਆ, ਜਦੋਂ ਕਿ ਉਸ ਨੂੰ ਇਹ ਕਹਿ ਗਿਆ ਕਿ ਉਹ ਵਿਦੇਸ਼ ਜਾ ਰਿਹਾ ਹੈ। ਰਾਜਿੰਦਰ ਕੌਰ ਅਨੁਸਾਰ ਉਸ ਨੂੰ ਪਤਾ ਲੱਗ ਗਿਆ ਕਿ ਉਸ ਦਾ ਪਤੀ ਝੂਠ ਬੋਲ ਰਿਹਾ ਹੈ ਤੇ ਉਸ ਨੇ ਦੂਸਰਾ ਵਿਆਹ ਕਰਵਾ ਲਿਆ। ਇਸ ਮਗਰੋਂ ਉਹ ਜੂਨ 2018 ਤੋਂ ਆਪਣੇ ਪੇਕੇ ਘਰ ਰਹਿੰਦੀ ਹੈ। ਡੀ ਐਸ ਪੀ (ਕ੍ਰਾਈਮ) ਵੱਲੋਂ ਜਾਂਚ ਮਗਰੋਂ ਸੁਖਰਾਜ ਸਿੰਘ ਤੇ ਦੂਸਰੀ ਪਤਨੀ ਰੁਪਿੰਦਰ ਕੌਰ ਖਿਲਾਫ ਪੁਲਸ ਸਟੇਸ਼ਨ, ਕਲਾਨੌਰ ਵਿੱਚ ਧਾਰਾ 420, 494 ਤੇ 406 ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਗਊ ਮੂਤਰ ਨਾਲ ਕੈਂਸਰ ਠੀਕ ਹੋਣ ਦਾ ਦਾਅਵਾ ਕਰ ਕੇ ਘਿਰ ਗਈ ਸਾਧਵੀ ਪ੍ਰਗਿਆ

### * ਪ੍ਰਸਿੱਧ ਡਾਕਟਰਾਂ ਨੇ ਬਿਆਨ ਨੂੰ ਗੁਮਰਾਹ ਕਰਨ ਵਾਲਾ ਕਿਹਾ



ਮੁੰਬਈ, 7 ਮਈ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭੋਪਾਲ ਲੋਕ ਸਭਾ ਹਲਕੇ ਤੋਂਭਾਜਪਾ ਟਿਕਟ ਮਿਲਣ ਪਿੱਛੋਂ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਲਗਾਤਾਰ ਸੁਰਖੀਆਂ ਵਿਚ ਚੱਲ ਰਹੀ ਹੈ। ਇਸ ਵਾਰ ਉਹ ਆਪਣੇ ਨਵੇਂ ਬਿਆਨ ਨਾਲ ਘਿਰ ਗਈ ਹੈ, ਜਿਸ ਵਿਚ ਉਸ ਨੇ ਕਿਹਾ ਹੈ ਕਿ ਗਊ ਮੂਤਰ ਨਾਲ ਕੈਂਸਰ ਠੀਕ ਹੋ ਜਾਂਦਾ ਹੈ। ਮੁੰਬਈ ਦੇ ਡਾਕਟਰ ਉਸ ਦੇ ਬਿਆਨ ਦੀ ਆਲੋਚਨਾ ਕਰ ਰਹੇ ਹਨ ਤੇ ਉਨ੍ਹਾਂ ਨੇ ਸਾਧਵੀ ਦੇ ਬਿਆਨ ਨੂੰ ਭੁਲੇਖਾਪਾਊ ਕਿਹਾ ਹੈ।

ਟਾਟਾ ਮੈਮੋਰੀਅਲ ਸੈਂਟਰ ਦੇ ਡਾਇਰੈਕਟਰ ਡਾ. ਰਾਜਿੰਦਰ ਨੇ ਅੱਜ ਏਥੇ ਕਿਹਾ ਕਿ ਏਦਾਂ ਦਾ ਕੋਈ ਸਬੂਤ ਨਹੀਂ, ਜਿਹੜਾ ਸਾਬਤ ਕਰੇ ਕਿ ਗਊ ਮੂਤਰ ਜਾਂ ਏਦਾਂ ਦਾ ਕੋਈ ਪ੍ਰਾਡਕਟ ਕੈਂਸਰ ਦੇ ਇਲਾਜ ਲਈ ਲਾਹੇਵੰਦ ਹੁੰਦਾ ਹੈ, ਸਿਰਫ ਰੇਡੀਓਥੈਰੇਪੀ, ਕੀਮੋਥੈਰੇਪੀ ਅਤੇ ਇਮਿਊਨੋਥੈਰੇਪੀ ਨੂੰ ਵੱਖ-ਵੱਖ ਤਰ੍ਹਾਂ ਦੇ ਕੈਂਸਰ ਦਾ ਇਲਾਜ ਕਰਨ ਲਈ ਯੋਗ ਮੰਨਿਆ ਜਾ ਸਕਦਾ ਹੈ। ਵਰਨਣ ਯੋਗ ਹੈ ਕਿ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੇ ਕਿਹਾਸੀ ਕਿ 9 ਸਾਲ ਪਹਿਲਾਂ ਜਦੋਂ ਮੈਨੂੰ ਬ੍ਰੈਸਟ ਕੈਂਸਰ ਹੋਇਆ ਤਾਂ ਮੈਂ ਗਊ ਮੂਤਰ ਅਤੇ ਆਯੁਰਵੈਦਿਕ ਦਵਾਈਆਂ ਨਾਲ ਇਸ ਦਾ ਇਲਾਜ ਕੀਤਾ ਸੀ, ਪਰ ਮੁੰਬਈ ਦੇ ਵੱਖ-ਵੱਖ ਹਸਪਤਾਲਾਂ ਦੇ ਮਾਹਰ ਡਾਕਟਰਾਂ ਨੇ ਕਿਹਾ ਹੈ ਕਿ ਬ੍ਰੈਸਟ ਤੇ ਬਲੱਡ ਕੈਂਸਰ ਇਲਾਜ ਯੋਗ ਹੁੰਦੇ ਹਨ ਤੇ ਇਨ੍ਹਾਂ ਦਾ ਇਲਾਜ ਸਿਰਫ ਸਾਇੰਟਫਿਕ ਢੰਗ ਨਾਲ ਹੋ ਸਕਦਾ ਹੈ, ਜੇ ਕੋਈ ਗਊ ਮੂਤਰ ਨਾਲ ਬ੍ਰੈਸਟ ਕੈਂਸਰ ਠੀਕ ਹੋਣ ਦਾ ਦਾਅਵਾ ਕਰਦਾ ਹੈ ਤਾਂ ਕੀ ਉਹ ਆਪਣੀ ਗੱਲ ਕਿਸੇ ਅਧਿਐਨ ਰਾਹੀਂ ਸਾਬਿਤ ਕਰ ਸਕਦਾ ਹੈ?

# ਨਿਰੰਜਨੀ ਅਖਾੜੇ ਦਾਸੰਤ ਆਨੰਦ ਗਿਰੀ ਸਿਡਨੀ ਵਿੱਚ ਗ੍ਰਿਫਤਾਰ

### * ਦੋ ਔਰਤਾਂ ਨਾਲ ਕੁੱਟਮਾਰ ਕਰਨ ਦਾ ਦੋਸ਼ ਲੱਗਾ



ਸਿਡਨੀ, 7 ਮਈ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਨਾਲ ਸੰਬੰਧਤ ਹਿੰਦੂ ਧਰਮ ਦੇ ਪ੍ਰਸਿੱਧ ਨਿਰੰਜਨੀ ਅਖਾੜੇ ਨਾਲ ਜੁੜੇ ਸੰਤ ਸਵਾਮੀ ਆਨੰਦ ਗਿਰੀ ਨੂੰ ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿਚ ਔਰਤਾਂ ਨਾਲ ਕੁੱਟਮਾਰ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਅਤੇ 26 ਜੂਨ ਤੱਕ ਜੁਡੀਸ਼ਲ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ।

38 ਸਾਲਾ ਸਵਾਮੀ ਆਨੰਦ ਗਿਰੀ ਅਖਿਲ ਭਾਰਤੀ ਅਖਾੜਾ ਕੌਂਸਲ ਦੇ ਪ੍ਰਧਾਨ ਮਹੰਤ ਨਰਿੰਦਰ ਗਿਰੀ ਦੇ ਚੇਲੇ ਹਨ ਅਤੇ ਦੇਸ਼-ਵਿਦੇਸ਼ ਵਿਚ ਯੋਗ ਸਿਖਾਉਣ ਜਾਂਦੇ ਹਨ।ਮਹੰਤ ਨਰਿੰਦਰ ਗਿਰੀ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦੇ ਹੋਏ ਉਨ੍ਹਾਂ ਦੇ ਅਖਾੜੇ ਨੇ ਦੱਸਿਆ ਕਿ ਮਾਮਲਾ 2016 ਦਾ ਹੈ ਅਤੇ ਕੁੱਟਮਾਰ ਦਾ ਨਹੀਂ, ਸਗੋਂ ਸਾਧੂ-ਸੰਤਾਂ ਵੱਲੋਂ ਪਿੱਠ ਥਾਪੜ ਕੇ ਅਸ਼ੀਰਵਾਦ ਦੇਣ ਦੀ ਰਿਵਾਇਤ ਨੂੰ ਵਿਦੇਸ਼ੀ ਔਰਤਾਂ ਨੇ ਗਲਤ ਢੰਗ ਨਾਲ ਲਿਆ ਅਤੇ ਕੁੱਟਮਾਰ ਦਾ ਦੋਸ਼ ਲਾਇਆ ਹੈ।

ਸਵਾਮੀ ਆਨੰਦ ਗਿਰੀ ਨੂੰ ਐਤਵਾਰ ਦੁਪਹਿਰ ਗ੍ਰਿਫਤਾਰ ਕੀਤਾ ਗਿਆ ਤੇ 26 ਜੂਨ ਤੱਕ ਜੁਡੀਸ਼ਲ ਰਿਮਾਂਡ ਉੱਤੇ ਭੇਜਿਆ ਗਿਆ ਹੈ। ਉਨ੍ਹਾ ਉੱਤੇਲੱਗੇ ਦੋਸ਼ ਮੁਤਾਬਕ ਉਨ੍ਹਾਂ ਨੂੰ ਦੋ ਮੌਕਿਆਂ ਉੱਤੇ ਹਿੰਦੂ ਪ੍ਰਾਰਥਨਾ ਲਈ ਆਪਣੇ ਘਰੀਂਸੱਦਾ ਭੇਜਿਆ ਗਿਆ ਤਾਂ 2016 ਵਿਚ ਉਨ੍ਹਾਂ ਨੇ ਆਪਣੇ ਘਰ ਦੇ ਬੈਡਰੂਮ ਵਿਚ ਇਕ 29 ਸਾਲਾ ਔਰਤਨਾਲ ਕੁੱਟਮਾਰ ਕੀਤੀ ਤੇ ਫਿਰ 2018 ਵਿਚ ਲਾਉਂਜ ਰੂਮ ਵਿਚ 34 ਸਾਲਾ ਇਕ ਮਹਿਲਾ ਨਾਲ ਕੁੱਟਮਾਰ ਕੀਤੀ ਸੀ।

### ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ-ਦਿਹਾੜਾ 12 ਮਈ ਨੂੰ ਮਨਾਇਆ ਜਾਏਗਾ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਸ਼ੁਭ ਜਨਮ-ਦਿਹਾੜਾ ਆਹਲੂਵਾਲੀਆ ਐਸੋਸੀਏਸ਼ਨ ਆਫ਼ ਨਾਰਥ ਅਮੇਰਿਕਾ ਵੱਲੋਂ 12 ਮਈ ਦਿਨ ਐਤਵਾਰ ਨੂੰ ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੀਕ ਗੁਰਦੁਆਰਾ ਸਾਹਿਬ ਸਿੰਘ ਸਭਾ ਮਾਲਟਨ (ਕੈਨੇਡਾ) ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਏਗਾ।

ਸਵੇਰੇ 10.00 ਵਜੇ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਵੇਗਾ ਜਿਸ ਦੇ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ। ਦੀਵਾਨ ਵਿਚ ਰਾਗੀ ਸਿੰਘਾਂ ਵੱਲੋਂ ਕੀਰਤਨ ਹੋਵੇਗਾ ਅਤੇ ਕਥਾ-ਵਾਚਕ ਬਾਬਾ ਜੱਸਾ ਸਿੰਘ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਸਬੰਧੀ ਸੰਗਤਾਂ ਨੂੰ ਜਾਣਕਾਰੀ ਦੇਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਸਮਾਗਮ ਦੇ ਪ੍ਰਬੰਧਕਾਂ ਟੌਮੀ ਵਾਲੀਆ ਨੂੰ 647-242-8100, ਕਿੰਗ ਵਾਲੀਆ ਨੂੰ 416-804-4122, ਵਿਸ਼ ਵਾਲੀਆ ਨੂੰ 647-330-1664 ਜਾਂ ਜੱਸ ਵਾਲੀਆ ਨੂੰ 905-872-6003 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000 — 15 Brisdale Dr 7&8 : ਹੱਥੋਂ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿੱਕਾਊ ਹੈ। ਬਹੁਤ ਹੀ ਬਿਜ਼ੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000 — Photo Not Available — 537 Van Kirk Dr 110: For sale Please call 905-405-8484

BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਮੁਸਲਿਮ ਕਮਿਊਨਿਟੀ ਵੱਲੋਂ ਐੱਮ.ਪੀ. ਰੂਬੀ ਸਹੋਤਾ ਦਾ ਸਨਮਾਨ



ਬਰੈਂਪਟਨ: ਮੁਸਲਿਮ ਕਮਿਊਨਿਟੀ ਦੇ ਆਗੂਆਂ ਵੱਲੋਂ ਇਸ ਵੀਕ ਐਂਡ 'ਤੇ ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਦਾ ਉਨ੍ਹਾਂ ਦੇ ਲਈ ਪਬਲਿਕ ਸੇਫ਼ਟੀ ਐਂਡ ਐਮਰਜੈਂਸੀ ਪ੍ਰੀਪੇਅਰਡਨੈੱਸ ਮੰਤਰੀ ਦੇ ਦਫ਼ਤਰ ਨਾਲ ਸੰਪਰਕ ਕਾਇਮ ਕਰਕੇ '2018 ਪਬਲਿਕ ਰਿਪੋਰਟ ਔਨ ਟੈਰਰਿਸਟ ਥਰੈੱਟ ਟੂ ਕੈਨੇਡਾ' ਵਿੱਚੋਂ ਉਨ੍ਹਾਂ ਦੇ ਧਰਮ ਨਾਲ ਸਬੰਧਿਤ ਇਤਰਾਜ਼ਯੋਗ ਸ਼ਬਦ ਕਢਵਾਉਣ ਲਈ ਕੀਤੇ ਗਏ ਯਤਨਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਇਸ ਮੌਕੇ ਉਨ੍ਹਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਰਿਪੋਰਟ ਵਿਚਲੇ ਇਨ੍ਹਾਂ ਇਤਰਾਜ਼ਯੋਗ ਸ਼ਬਦਾਂ ਨਾਲ ਕਈ ਕਮਿਊਨਿਟੀਆਂ ਦੇ ਅਕਸ ਨੂੰ ਕਾਫ਼ੀ ਠੇਸ ਪਹੁੰਚੀ ਸੀ।

ਇਸ ਮੌਕੇ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਰੂਬੀ ਸਹੋਤਾ ਨੇ ਕਿਹਾ,"ਬਰੈਂਪਟਨ ਨੌਰਥ ਹਲਕੇ ਦੀ ਐੱਮ.ਪੀ. ਹੋਣ ਦੇ ਨਾਤੇ ਮੈਂ ਹਮੇਸ਼ਾ ਕਮਿਊਨਿਟੀ ਦੇ ਲੋਕਾਂ ਲਈ ਹਾਜ਼ਰ ਹਾਂ ਅਤੇ ਮੈਂ ਉਨ੍ਹਾਂ ਨੂੰ ਆਪਣੇ ਦੁੱਖ-ਦਰਦ ਤੇ ਚਿੰਤਾਵਾਂ ਆਪਣੇ ਤੱਕ ਸਿੱਧੀਆਂ ਹੀ ਪਹੁੰਚਾਉਣ ਲਈ ਕਿਹਾ ਹੈ। ਮੈਂ ਸੱਚੇ ਦਿਲੋਂ ਮੁਸਲਿਮ ਕਮਿਊਨਿਟੀ ਅਤੇ ਉਸ ਦੇ ਆਗੂਆਂ ਦੀ ਸ਼ੁਕਰ-ਗੁਜ਼ਾਰ ਹਾਂ ਜਿਹੜੇ ਅੱਜ ਇਸ ਸਮਾਗ਼ਮ ਵਿਚ ਸ਼ਾਮਲ ਹੋਏ ਹਨ। ਸਾਰਿਆਂ ਦੇ ਸਹਿਯੋਗ ਨਾਲ ਹੀ ਅਸੀਂ ਰਿਪੋਰਟ ਵਿਚੋਂ ਇਤਰਾਜ਼ਯੋਗ ਸ਼ਬਦ ਬਾਹਰ ਕਢਵਾਉਣ ਵਿਚ ਸਫ਼ਲ ਹੋਏ ਹਾਂ। ਤੁਹਾਡਾ ਸਾਰਿਆਂ ਦਾ ਭਰਵਾਂ ਸਹਿਯੋਗ ਸਾਨੂੰ ਪਿਛਲੇ ਸਾਲਾਂ ਤੋਂ ਮਿਲਦਾ ਰਿਹਾ ਹੈ ਅਤੇ ਆਸ ਹੈ ਕਿ ਇਹ ਅੱਗੋਂ ਭਵਿੱਖ ਵਿਚ ਵੀ ਇੰਜ ਹੀ ਜਾਰੀ ਰਹੇਗਾ।"

# 'ਸੱਤਵੇਂ' ਇੰਸਪੀਰੇਸ਼ਨਲ ਸਟੈੱਪਸ ਈਵੈਂਟ' ਵਿਚ 700 ਤੋਂ ਵਧੇਰੇ ਦੌੜਾਕ ਹਿੱਸਾ ਲੈਣਗੇ

## 19 ਮਈ ਨੂੰ ਟੀ.ਪੀ.ਏ.ਆਰ. ਕਲੱਬ ਵੱਲੋਂ ਇਸ ਈਵੈਂਟ ਦੇ ਲਈ 240 ਦੌੜਾਕਾਂ ਦੀ ਰਜਿਸਟ੍ਰੇਸ਼ਨ ਕਰਵਾਈ ਗਈ



ਬਰੈਂਪਟਨ, (ਡਾ. ਝੰਡ) – ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਪਿਛਲੇ ਛੇ ਸਾਲਾਂ ਤੋਂ ਕਰਵਾਏ ਜਾ ਰਹੇ ਮਹਾਨ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ' ਦਾ ਅਗਲਾ ਦੌਰ ਅਗਲੇ ਐਤਵਾਰ 19 ਮਈ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿਚ 700 ਤੋਂ ਵਧੇਰੇ ਦੌੜਾਕਾਂ ਨੇ ਆਪਣੀ ਬਾ-ਕਾਇਦਾ ਰਜਿਸਟ੍ਰੇਸ਼ਨ ਕਰਵਾਈ ਹੈ। ਇਸ ਦੌਰਾਨ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ 240 ਦੌੜਾਕਾਂ ਦੀ ਰਜਿਸਟ੍ਰੇਸ਼ਨ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੀ ਸਹਿਯੋਗੀ ਸੰਸਥਾ ਟੀ.ਪੀ.ਏ.ਆਰ ਕਲੱਬ ਦੇ ਮੈਂਬਰਾਂ ਤੇ ਉਸ ਦੇ ਸਮੱਰਥਕਾਂ ਵੱਲੋਂ ਕਰਵਾਈ ਗਈ ਹੈ।

ਪਾਠਕਾਂ ਨੂੰ ਯਾਦ ਹੀ ਹੋਵੇਗਾ ਕਿ ਇਸ 'ਇੰਸਪੀਰੇਸ਼ਨਲ ਸਟੈੱਪਸ' ਦੀ ਸ਼ੁਰੂਆਤ 2013 ਵਿਚ ਮੈਰਾਥਨ ਚੈਂਪੀਅਨ ਬਾਬਾ ਫ਼ੌਜਾ ਸਿੰਘ ਵੱਲੋਂ ਕੀਤੀ ਗਈ ਸੀ ਅਤੇ ਉਸ ਸਾਲ ਉਨ੍ਹਾਂ ਨੇ ਇਸ ਦੌੜ ਵਿਚ 100 ਸਾਲ ਦੀ ਉਮਰ ਵਿਚ ਭਾਗ ਲਿਆ ਸੀ। ਦੌੜਨ ਦੇ ਇਸ ਹਰਮਨ-ਪਿਆਰੇ ਈਵੈਂਟ ਵਿਚ 42 ਕਿਲੋ ਮੀਟਰ ਫੁੱਲ ਮੈਰਾਥਨ ਲਈ 12, 21 ਕਿਲੋਮੀਟਰ ਹਾਫ਼ ਮੈਰਾਥਨ ਲਈ 57, 12 ਕਿਲੋ ਮੀਟਰ ਦੌੜ ਲਈ 184, 5 ਕਿਲੋ ਮੀਟਰ ਲਈ 499 ਅਤੇ ਇਕ ਕਿਲੋ ਮੀਟਰ ਲਈ 18 ਵਿਅੱਕਤੀਆਂ ਨੇ ਆਪਣੇ ਨਾਮ ਰਜਿਸਟਰ ਕਰਵਾਏ ਹਨ।

ਫੁੱਲ ਮੈਰਾਥਨ ਲਈ ਤੁਰਨ ਵਾਲੇ ਵਿਅੱਕਤੀ ਸਵੇਰੇ 4.30 ਵਜੇ ਸਕਾਰਬਰੋ ਗੁਰਦੁਆਰ ਸਾਹਿਬ ਤੋਂ ਆਪਣੀ 'ਵਾਕ' ਸ਼ੁਰੂ ਕਰਨਗੇ ਅਤੇ ਦੌੜਨ ਵਾਲੇ ਦੌੜਾਕ ਸਵੇਰੇ 5.30 ਵਜੇ ਦੌੜਨਾ ਸ਼ੁਰੂ ਕਰਨਗੇ। ਹਾਫ਼-ਮੈਰਾਥਵ ਸਵੇਰੇ 7.45 ਵਜੇ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਵੇਗੀ। ਏਸੇ ਤਰ੍ਹਾਂ 12 ਕਿਲੋ ਮੀਟਰ ਦੌੜ ਰੈਕਸਡੇਲ ਗੁਰੂਘਰ ਤੋਂ 8.30 ਵਜੇ ਸਵੇਰੇ ਅਤੇ 5 ਕਿਲੋ ਮੀਟਰ ਦੌੜ ਮਾਲਟਨ ਗੁਰੂਘਰ ਤੋਂ ਸਵੇਰੇ 9.00 ਵਜੇ ਸ਼ੁਰੂ ਹੋਵੇਗੀ। 5 ਕਿਲੋ ਮੀਟਰ ਦੌੜਨ ਵਾਲਿਆਂ ਦੀ ਗਿਣਤੀ ਵਧੇਰੇ ਹੋਣ ਕਾਰਨ ਇਨ੍ਹਾਂ ਨੂੰ ਚਾਰ ਵੱਖ-ਵੱਖ ਗਰੁੱਪਾਂ ਵਿਚ ਦੌੜਾਇਆ ਜਾਏਗਾ। ਬਿੱਬ ਨੰਬਰ 501 ਤੋਂ 599 ਵਾਲੇ ਪਹਿਲੇ ਗਰੁੱਪ ਵਿਚ, ਬਿੱਬ ਨੰਬਰ 601 ਤੋਂ 699 ਵਾਲੇ ਦੂਸਰੇ, ਬਿੱਬ ਨੰਬਰ 701 ਤੋਂ 799 ਵਾਲੇ ਤੀਸਰੇ ਅਤੇ ਬਿੱਬ ਨੰਬਰ 801-899 ਵਾਲੇ ਆਪਣੀ ਦੌੜ ਚੌਥੇ ਗਰੁੱਪ ਵਿਚ ਸ਼ੁਰੂ ਕਰਨਗੇ।

ਇਨ੍ਹਾਂ ਸਾਰੀਆਂ ਦੌੜਾਂ ਦੀ ਸਮਾਪਤੀ ਡਿਕਸੀ ਗੁਰੂਘਰ ਵਿਖੇ ਸਵੇਰੇ 9.30 ਵਜੇ ਤੋਂ ਦੁਪਹਿਰ 12.00 ਵਜੇ ਦੇ ਦਰਮਿਆਨ ਹੋਵੇਗੀ। ਇਕ ਕਿਲੋ ਮੀਟਰ ਦੀ ਦੌੜ ਛੇ ਸਾਲ ਜਾਂ ਇਸ ਤੋਂ ਹੇਠਲੀ ਉਮਰ ਦੇ ਬੱਚਿਆਂ ਲਈ ਰੱਖੀ ਗਈ ਹੈ। 5 ਕਿਲੋ ਮੀਟਰ, 12 ਕਿਲੋ ਮੀਟਰ, ਹਾਫ਼ ਮੈਰਾਥਨ ਤੇ ਫੁੱਲ-ਮੈਰਾਥਨ ਦੌੜ ਵਿਚ ਉਮਰ-ਵਰਗ ਦੇ ਹਿਸਾਬ ਨਾਲ ਵੱਖ-ਵੱਖ ਕੈਟਾਗਰੀਆਂ 7-9, 10-12, 13-17, 18-34, 35-49, 50-64, 65-79 ਅਤੇ 80 ਸਾਲ ਤੋਂ ਵਧੇਰੇ ਉਮਰ ਦੀਆਂ ਨਿਸਚਤ ਕੀਤੀਆਂ ਗਈਆਂ ਹਨ।

ਹਰੇਕ ਉਮਰ-ਵਰਗ ਵਿਚ ਮਰਦਾਂ ਤੇ ਔਰਤਾਂ ਦੀਆਂ ਇਹ ਕੈਟਾਗਰੀਆਂ ਵੱਖ-ਵੱਖ ਹੋਣਗੀਆਂ ਅਤੇ ਹਰੇਕ ਕੈਟਾਗਰੀ ਵਿਚ ਸੱਭ ਤੋਂ ਤੇਜ਼ ਦੌੜਨ ਵਾਲੇ ਦਾ ਸਟੇਜ ਉੱਪਰ ਵਿਸ਼ੇਸ਼ ਸਨਮਾਨ ਕੀਤਾ ਜਾਏਗਾ ਪਰ ਇਸ ਦੇ ਨਾਲ ਇਹ ਸ਼ਰਤ ਵੀ ਹੈ ਕਿ ਉਸ ਕੈਟਾਗਰੀ ਵਿਚ ਘੱਟੋ-ਘੱਟ ਪੰਜ ਦੌੜਾਕਾਂ ਨੇ ਜ਼ਰੂਰ ਸ਼ਮੂਲੀਅਤ ਕੀਤੀ ਹੋਵੇ। ਦੌੜ ਵਿਚ ਸ਼ਾਮਲ ਹੋਣ ਵਾਲੇ ਸਾਰੇ ਹੀ ਦੌੜਾਕਾਂ ਨੂੰ ਮੈਡਲ ਦਿੱਤੇ ਜਾਣਗੇ।

ਇਸ ਸਾਲ ਦੌੜਾਕਾਂ ਦੀ ਦੌੜ ਦੇ ਸਮੇਂ ਨੂੰ 'ਕੰਪਿਊਟਰ ਚਿੱਪਸ' ਦੀ ਸਹਾਇਤਾ ਨਾਲ ਮਿਣਿਆ ਤੇ ਜਾਣਿਆ ਜਾਏਗਾ। ਇਸ ਦੇ ਨਾਲ ਵੱਖ-ਵੱਖ ਦੌੜਾਂ ਦੀਆਂ ਵੱਖੋ-ਵੱਖ ਕੈਟਾਗਰੀਆਂ ਵਿਚ ਦੌੜਨ ਵਾਲਿਆਂ ਦੇ ਨਤੀਜੇ ਜਲਦੀ ਸਾਹਮਣੇ ਆ ਜਾਣਗੇ ਅਤੇ ਇਨਾਮ-ਵੰਡ ਸਮਾਗ਼ਮ ਵੀ ਨਾਲੋ-ਨਾਲ ਚੱਲਦਾ ਜਾਏਗਾ।

# ਡਾ. ਨਵਸ਼ਰਨ ਕੌਰ ਵੱਲੋਂ ਅਮਨ ਪਸੰਦ ਲੋਕਾਂ ਨੂੰ ਫ਼ਾਸੀ ਤਾਕਤਾਂ ਵਿਰੁਧ ਡੱਟਣ ਦਾ ਸੁਨੇਹਾ



ਬਰੈਂਪਟਨ, (ਡਾ. ਝੰਡ) -ਪਹਿਲੀ ਮਈ ਨੂੰ ਸੰਸਾਰ-ਭਰ ਵਿਚ ਮਨਾਏ ਜਾਂਦੇ 'ਮਜ਼ਦੂਰ-ਦਿਵਸ' ਦੇ ਸਬੰਧ ਵਿਚ ਤਰਕਸ਼ੀਲ ਸੋਸਾਇਟੀ ਆਫ਼ ਅਮੈਰਿਕਾ ਵੱਲੋਂ ਐੱਫ਼.ਬੀ.ਆਈ ਸਕੂਲ ਵਿਚ ਕਰਵਾਏ ਗਏ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗ਼ਮ ਵਿਚ ਗੁਰਸ਼ਰਨ ਸਿੰਘ 'ਭਾਅ ਜੀ' ਦੀ ਹੋਣਹਾਰ ਬੇਟੀ ਡਾ. ਨਵਸ਼ਰਨ ਕੌਰ ਨੇ ਅਜੋਕੀ ਆਰਥਿਕ ਤੇ ਸਮਾਜਿਕ ਨਾ-ਬਰਾਬਰੀ ਦੀ ਗੱਲ ਬੜੇ ਹੀ ਭਾਵ-ਪੂਰਤ ਸ਼ਬਦਾਂ ਵਿਚ ਕੀਤੀ ਅਤੇ ਅਮਨ ਪਸੰਦ ਲੋਕਾਂ ਨੂੰ ਫ਼ਾਸ਼ੀ ਤਾਕਤਾਂ ਦੇ ਵਿਰੁੱਧ ਡੱਟਣ ਦਾ ਸੱਦਾ ਦਿੱਤਾ।

ਉਨ੍ਹਾਂ ਨੇ ਆਪਣੀ ਗੱਲ ਦੁਨੀਆਂ-ਭਰ ਦੇ ਮਜ਼ਦੂਰਾਂ ਦੇ ਹੱਕਾਂ ਲਈ ਸ਼ਿਕਾਗੋ ਵਿਚ 4 ਮਈ 1886 ਨੂੰ ਚਾਰ ਮਜ਼ਦੂਰਾਂ ਵੱਲੋਂ ਦਿੱਤੀ ਗਈ ਕੁਰਬਾਨੀ ਤੋਂ ਸ਼ੁਰੂ ਕੀਤੀ ਜਿਸ ਦੀ ਬਦੌਲਤ ਉਨ੍ਹਾਂ ਦੇ ਦਿਨ ਵਿਚ ਕੰਮ ਕਰਨ ਦੇ 8 ਘੰਟੇ ਨਿਸਚਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਭਾਰਤ ਵਿਚ 17 ਨਵੇਂ ਅਰਬਪਤੀ ਬਣ ਜਾਣ ਨਾਲ ਉਨ੍ਹਾਂ ਦੀ ਗਿਣਤੀ ਹੁਣ 101 ਹੋ ਗਈ ਹੈ ਅਤੇ ਦੇਸ਼ ਵਿਚ ਅਮੀਰ-ਗਰੀਬ ਵਿਚਕਾਰ ਨਾ-ਬਰਾਬਰੀ ਦਾ ਪਾੜਾ ਹੋਰ ਵੀ ਡੂੰਘਾ ਹੁੰਦਾ ਜਾ ਰਿਹਾ ਹੈ। ਇਸ ਸਮੇਂ ਦੇਸ਼ ਦੀ 78% ਦੌਲਤ 10% ਅਮੀਰਾਂ ਕੋਲ ਹੈ। ਵੱਖ-ਵੱਖ ਅੰਕੜਿਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਇਕ ਮਜ਼ਦੂਰ ਨੂੰ 941 ਸਾਲਾਂ ਵਿਚ ਜਿੰਨੀ ਤਨਖ਼ਾਹ ਮਿਲਦੀ ਹੈ, ਕਾਰਪੋਰੇਟ ਦੇ ਸੀ.ਈ.ਓ. ਨੂੰ ਓਨੀ ਤਨਖ਼ਾਹ ਤੇ ਭੱਤੇ ਇਕ ਦਿਨ ਵਿਚ ਹੀ ਮਿਲ ਜਾਂਦੇ ਹਨ।

ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਖ਼ੁਦਕਸ਼ੀਆਂ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਹੁਣ ਤੀਕ ਪੰਜਾਬ ਦੇ 16,760 ਗ਼ਰੀਬ ਕਿਸਾਨ ਤੇ ਮਜ਼ਦੂਰ ਮਹਿੰਗਾਈ ਅਤੇ ਕਰਜ਼ੇ ਵਾਪਸ ਨਾ ਕਰਨ ਕਰਕੇ ਆਪਣੀ ਜਾਨਾਂ ਗੁਆ ਚੁੱਕੇ ਹਨ। ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੀ 100'ਵੀਂ ਵਰ੍ਹੇ-ਗੰਢ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਲੋਕ ਰੌਲਟ ਐਕਟ ਬਨਾਉਣ ਵਾਲੇ ਸਰ ਆਰਥਰ ਟੇਲਰ ਰੌਲਟ ਨੂੰ ਹੁਣ ਭੁੱਲ ਚੁੱਕੇ ਹਨ ਪਰ ਇਸ ਦਾ ਵਿਰੋਧ ਕਰਨ ਵਾਲੇ ਡਾ.ਕਿਚਲੂ ਤੇ ਡਾ. ਸੱਤਪਾਲ ਅਤੇ ਜੱਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਅਤੇ ਹੋਰ ਕੌਮੀ ਸ਼ਹੀਦਾਂ ਨੂੰ ਹਮੇਸ਼ਾ ਯਾਦ ਕਰਦੇ ਹਨ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਧਰਮਾਂ ਦੇ ਨਾਂ 'ਤੇ ਵੰਡੀਆਂ ਪਾ ਕੇ 'ਬੀਫ਼' ਵੇਚਣ ਦਾ ਇਲਜ਼ਾਮ ਲਾ ਕੇ ਕੋਹ-ਕੋਹ ਕੇ ਮਾਰਿਆ ਜਾ ਰਿਹਾ ਹੈ ਅਤੇ ਕਦੇ 'ਮੀਸਾ' (MISA) ਤੇ ਕਦੇ 'ਪੋਟਾ' (POTA) ਲਗਾ ਕੇ ਉਨ੍ਹਾਂ ਨੂੰ ਮਾਰਿਆ ਕੁੱਟਿਆ ਗਿਆ ਅਤੇ ਹੁਣ 'ਯੂ.ਏ.ਪੀ.ਏ.' (UAPA) ਵਰਗੇ ਮਾਰੂ ਐਕਟ ਦੀ ਵਰਤੋਂ ਕਰਕੇ ਉਨ੍ਹਾਂ ਦੀ ਜ਼ੁਬਾਨ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੇਸ਼ ਵਿਚ 'ਹਿੰਦੂ ਰਾਸ਼ਟਰ' ਦਾ ਹਊਆ ਖੜਾ ਕਰਕੇ ਘੱਟ-ਗਿਣਤੀਆਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਭਾਰਤ ਤੋਂ ਬਾਹਰ ਚਲੇ ਜਾਣ ਲਈ ਕਿਹਾ ਜਾ ਰਿਹਾ ਹੈ ਜਿਹੜਾ ਕਿ ਲੋਕ-ਰਾਜੀ ਕਦਰਾਂ-ਕੀਮਤਾਂ ਦੇ ਬਿਲਕੁਲ ਉਲਟ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਲੋਕ-ਤੰਤਰ ਨੂੰ ਬਚਾਉਣ ਲਈ ਲੋਕਾਂ ਨੂੰ ਫ਼ਾਸ਼ੀ ਤਾਕਤਾਂ ਦੇ ਵਿਰੁੱਧ ਮਜ਼ਬੂਤੀ ਨਾਲ ਡੱਟਣ ਦੀ ਲੋੜ ਹੈ।

ਉਨ੍ਹਾਂ ਦੇ ਪ੍ਰਭਾਵਸ਼ਾਲੀ ਭਾਸ਼ਨ ਤੋਂ ਬਾਅਦ ਬਲਦੇਵ ਦੂਹੜੇ, ਪ੍ਰਿੰਸੀਪਲ ਸੰਜੀਵ ਧਵਨ, ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਬਲਵਿੰਦਰ ਸਿੰਘ ਬਰਨਾਲਾ, ਅੰਮ੍ਰਿਤ ਢਿੱਲੋਂ ਅਤੇ ਹੋਰਨਾਂ ਵੱਲੋਂ ਡਾ. ਨਵਸ਼ਰਨ ਨੂੰ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਤਸੱਲੀ-ਪੂਰਵਕ ਦਿੱਤੇ ਗਏ। ਇਸ ਸਮਾਗ਼ਮ ਵਿਚ ਪਹੁੰਚੇ ਲੋਕਾਂ ਨੂੰ ਤਰਕਸ਼ੀਲ ਸੋਸਾਇਟੀ ਆਫ਼ ਅਮੈਰਿਕਾ ਦੇ ਪ੍ਰਧਾਨ ਬਲਦੇਵ ਰਹਿਪਾ ਵੱਲੋਂ ਜੀ-ਆਇਆਂ ਕਿਹਾ ਗਿਆ ਅਤੇ ਉਨ੍ਹਾਂ ਵੱਲੋਂ ਇਸ ਦੌਰਾਨ ਹੋਏ ਸੁਆਲਾਂ-ਜੁਆਬਾਂ ਦੇ ਸੈਸ਼ਨ ਨੂੰ ਬਾਖ਼ੂਬੀ ਕੋਆਰਡੀਨੇਟ ਕੀਤਾ ਗਿਆ। ਅਖ਼ੀਰ ਵਿਚ ਪ੍ਰਿੰਸੀਪਲ ਧਵਨ ਵੱਲੋਂ ਮੁੱਖ-ਮਹਿਮਾਨ ਡਾ. ਨਵਸ਼ਰਨ ਕੌਰ ਤੇ ਆਏ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਪੰਜਾਬੀ ਭਾਸ਼ਣ ਮੁਕਾਬਲੇ 12 ਮਈ ਨੂੰ



ਮਾਲਟਨ, (ਡਾ. ਝੰਡ) -ਡਾ. ਗੁਰਨਾਮ ਸਿੰਘ ਢਿੱਲੋਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਚੈਰਿਟੀ ਫ਼ਾਊਂਡੇਸ਼ਨ ਤੇ ਸਹਿਯੋਗੀ ਸੰਸਥਾਵਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਕੀਤੀਆਂ ਜਾ ਰਹੀਆਂ ਗ਼ਤੀਵਿਧੀਆਂ ਦੀ ਲੜੀ ਵਿਚ 12 ਮਈ 2019 ਨੂੰ ਬਾਅਦ ਦੁਪਹਿਰ 1.30 ਵਜੇ ਤੋਂ 5.00 ਵਜੇ ਤੱਕ ਪੰਜਾਬੀ ਭਾਸ਼ਨ ਮੁਕਾਬਲੇ ਕਰਵਾਏ ਜਾ ਰਹੇ ਹਨ ਜੋ ਕਿ ਲਿੰਕਨ ਐੱਮ ਅਲੈੱਗਜ਼ੈਂਡਰ ਸਕੂਲ ਵਿਚ ਹੋਣਗੇ।

ਪਿਛਲੇ ਸਾਲਾਂ ਦੇ ਪ੍ਰੋਗਰਾਮਾਂ ਤੋਂ ਪਤਾ ਲੱਗਦਾ ਹੈ ਕਿ ਮਾਪਿਆਂ ਅਤੇ ਬੱਚਿਆਂ ਦੇ ਮਨਾਂ ਵਿਚ ਇਨ੍ਹਾਂ ਭਾਸ਼ਨ ਮੁਕਾਬਲਿਆਂ ਲਈ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਵੱਖ-ਵੱਖ ਉਮਰ-ਵਰਗਾਂ ਦੇ ਬੱਚਿਆਂ ਲਈ ਹੇਠ ਲਿਖੇ ਵਿਸ਼ਿਆਂ ਦੀ ਚੋਣ ਕੀਤੀ ਗਈ ਹੈ:

1. ਜੇ.ਕੇ./ਐੱਸ.ਕੇ., ਗਰੇਡ 1-2 ਅਤੇ 3-4 ਲਈ ਵਿਸ਼ਾ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਦਾ ਵਿਕਾਸ' ਜਾਂ 'ਚੰਗਾ ਮਿੱਤਰ' ਰੱਖਿਆ ਗਿਆ ਹੈ ਅਤੇ ਉਨ੍ਹਾਂ ਨੂੰ ਬੋਲਣ ਲਈ 3-4 ਮਿੰਟ ਦਾ ਸਮਾਂ ਦਿੱਤਾ ਜਾਏਗਾ।
2. ਗਰੇਡ 5-6 ਦੇ ਬੱਚਿਆਂ ਲਈ ਵਿਸ਼ਾ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਅਤੇ ਚੰਗੇ ਆਚਰਣ ਦਾ ਵਿਕਾਸ' ਹੈ ਅਤੇ ਉਨ੍ਹਾਂ ਦੇ ਬੋਲਣ ਲਈ ਸਮਾਂ 4-6 ਮਿੰਟ ਹੈ।
3. ਗਰੇਡ 7-8 ਅਤੇ 9-10 ਦੇ ਬੱਚਿਆਂ ਲਈ ਵਿਸ਼ੇ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਅਤੇ ਚੰਗੇ ਆਚਰਣ ਦਾ ਵਿਕਾਸ' ਜਾਂ 'ਇਕ ਵਿਅੱਕਤੀ ਨੂੰ ਲੋਕਾਂ ਪ੍ਰਤੀ ਜ਼ਿੰਮੇਂਵਾਰ ਬਨਾਉਣ ਲਈ ਪੜ੍ਹਾਈ ਦਾ ਯੋਗਦਾਨ' ਹਨ ਅਤੇ ਉਨ੍ਹਾਂ ਨੂੰ ਵੀ 4-6 ਮਿੰਟ ਦਾ ਸਮਾਂ ਦਿੱਤਾ ਜਾਏਗਾ।
4. ਗਰੇਡ 11-12 ਦੇ ਬੱਚਿਆਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਬਾਲਗ਼ਾਂ ਲਈ ਬੋਲਣ ਦੇ ਵਿਸ਼ੇ ਵੀ ਉਪਰੋਕਤ, ਭਾਵ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਅਤੇ ਚੰਗੇ ਆਚਰਣ ਦਾ ਵਿਕਾਸ' ਜਾਂ 'ਇਕ ਵਿਅੱਕਤੀ ਨੂੰ ਲੋਕਾਂ ਪ੍ਰਤੀ ਜ਼ਿੰਮੇਂਵਾਰ ਬਨਾਉਣ ਲਈ ਪੜ੍ਹਾਈ ਦਾ ਯੋਗਦਾਨ' ਹੀ ਹਨ, ਪਰ ਉਨ੍ਹਾਂ ਨੂੰ ਇਨ੍ਹਾਂ ਵਿਸ਼ਿਆਂ ਉੱਪਰ ਬੋਲਣ ਲਈ ਸਮਾਂ 5-7 ਮਿੰਟ ਦਿੱਤਾ ਜਾਏਗਾ।

ਜੀ.ਟੀ.ਏ. ਵਿਚ ਵੱਸਦੇ ਪੰਜਾਬੀ ਪ੍ਰੇਮੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਸਮੇਤ ਵੱਧ ਤੋਂ ਵੱਧ ਗਿਣਤੀ ਵਿਚ ਇਨ੍ਹਾਂ ਭਾਸ਼ਣ ਮੁਕਾਬਲਿਆਂ ਵਿਚ ਸ਼ਾਮਲ ਹੋਣ ਤਾਂ ਜੋ ਕੈਨੇਡਾ ਵਿਚ ਆਪਣੇ ਬੱਚਿਆਂ ਨੂੰ ਪੰਜਾਬੀ ਨਾਲ ਜੋੜ ਕੇ ਆਪਣੀ ਵਿਰਾਸਤ ਅਤੇ ਕਦਰਾਂ-ਕੀਮਤਾਂ ਤੋਂ ਜਾਣੂੰ ਕਰਵਾਇਆ ਜਾ ਸਕੇ।

ਇਸ ਦੇ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਬਲਿਹਾਰ ਸਿੰਘ ਨਵਾਂਸ਼ਹਿਰ ਨੂੰ 647-297-8600, ਗਗਨਦੀਪ ਸਿੰਘ ਮਹਾਲੋਂ ਨੂੰ 416-558-3966 ਜਾਂ ਗੁਰਨਾਮ ਸਿੰਘ ਢਿੱਲੋਂ ਨੂੰ 647-287-2577 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਓ! ਰਲ਼ ਕੇ ਮਾਂ-ਬੋਲੀ ਬੋਲੀਏ ਤੇ ਸੁਣੀਏ। ਇਸ ਮੁਕਾ-ਬਲੇ ਵਿਚ ਹਿੱਸਾ ਲੈਣ ਲਈ ਆਪਣਾ ਨਾਮ ਅਤੇ ਗਰੇਡ ਲਿਖ ਕੇ gurnam_dhillon@live.ca 'ਤੇ ਈ-ਮੇਲ ਕਰੋ, ਜੀ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ



Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

House for sale in Castlemore




ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative

Dhanwant Gosal
Broker



Dir: 416-562-1176
www.jagrajsekhon.com

Century 21
People's Choice Realty Inc, Brokerage

Dir: 416-277-4153
www.gosalhomes.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਉ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਸਿੱਖਾਂ ਦਾ ਸਿਆਸੀ ਪ੍ਰਭਾਵ: ਕੀ ਨਿਵਾਣ ਵੱਲ – ਭਾਗ 1

...ਪੰਨਾ 1 ਦਾ ਬਾਕੀ

ਇਸ ਸੁਆਲ ਦੇ ਜਵਾਬ ਦੀ ਪੁਣਛਾਣ ਕਰਨ ਲਈ ਪੰਜਾਬੀ ਪੋਸਟ ਵੱਲੋਂ 2 ਜਾਂ 3 ਆਰਟੀਕਲਾਂ ਦੀ ਇੱਕ ਲੜੀ ਲਿਖੀ ਜਾ ਰਹੀ ਹੈ ਜਿਸਦਾ ਮਕਸਦ ਚਰਚਾ ਨੂੰ ਜਨਮ ਦੇਣਾ ਹੈ ਨਾ ਕਿ ਕਿਸੇ ਧਿਰ ਜਾਂ ਸੰਸਥਾ ਜਾਂ ਕਿਸੇ ਸਿਆਸੀ ਜਮਾਤ ਦੀ ਪਹੁੰਚ ਨੂੰ ਗਲਤ ਜਾਂ ਸਹੀ ਸਿੱਧ ਕਰਨਾ ਹੈ।

ਗਲਤ ਸਹੀ ਦਾ ਫੈਸਲਾ ਸਬੰਧਿਤ ਧਿਰਾਂ ਨੇ ਖੁਦ ਕਰਨਾ ਹੁੰਦਾ ਹੈ ਜਾਂ ਫੇਰ ਕਮਿਊਨਿਟੀ ਦੇ ਹਰ ਮੈਂਬਰ ਨੇ ਆਪਣਾ ਚੰਗਾ-ਬੁਰਾ ਸਿਆਣ ਕੇ ਕਦਮ ਚੁੱਕਣੇ ਹੁੰਦੇ ਹਨ। ਲਿਖੇ ਜਾਣ ਵਾਲੇ ਇਹ ਆਰਟੀਕਲ ਕੋਈ ਇਤਿਹਾਸਕ ਦਸਤਾਵੇਜ਼ ਵੀ ਨਹੀਂ ਹਨ ਸਗੋਂ ਇੱਕ ਸੁਚਾਰੂ ਚਰਚਾ ਦਾ ਆਰੰਭ ਕਰਨ ਦਾ ਨਿਗੂਣਾ ਜਿਹਾ ਯਤਨ ਹਨ।

ਸਿੱਖੀ ਸਿਆਸਤ ਦੀ ਗੱਲ ਨੂੰ ਅਸੀਂ ਸਿੱਖ ਭਾਈਚਾਰੇ ਦੀ ਹਰ ਸਾਲ ਆਯੋਜਿਤ ਹੋਣ ਵਾਲੇ ਨਗਰ ਕੀਰਤਨਾਂ ਵਿੱਚ ਸ਼ਮੂਲੀਅਤ ਤੋਂ ਕਰਦੇ ਹਾਂ। ਇਹ ਨਗਰ ਕੀਰਤਨ ਭਾਈਚਾਰੇ ਦੀ ਆਪਣੇ ਧਰਮ ਪ੍ਰਤੀ ਅਕੀਦੇ ਵਿੱਚ ਦ੍ਰਿੜ ਯਕੀਨ ਦੀ ਨਿਸ਼ਾਨੀ ਹਨ ਜੋ ਕੈਨੇਡਾ ਭਰ ਹੁੰਦੇ 4-5 ਵੱਡੇ ਹਰ ਨਗਰ ਕੀਰਤਨ ਵਿੱਚ ਲੱਖਾਂ ਦੀ ਗਿਣਤੀ ਵਿੱਚ ਹਾਜ਼ਰੀ ਭਰਦੇ ਹਨ। ਕੈਨੇਡਾ ਦੇ ਕੁੱਲ ਜਨਸੰਖਿਆ 3 ਕਰੋੜ 74 ਲੱਖ ਦੇ ਕਰੀਬ ਹੈ ਜਿਸ ਵਿੱਚੋਂ ਸਿੱਖਾਂ ਦੀ ਕੈਨੇਡਾ ਵਿੱਚ ਗਿਣਤੀ 5 ਲੱਖ ਦੇ ਕਰੀਬ ਹੈ ਜੋ ਕੈਨੇਡਾ ਦੀ ਜਨਸੰਖਿਆ ਦਾ ਸਿਰਫ਼ 1.4% ਦੇ ਕਰੀਬ ਬਣਦੀ ਹੈ। ਇਸ ਨਿੱਕੀ ਜਿਹੀ ਕਮਿਊਨਿਟੀ ਦੇ ਧਾਰਮਿਕ ਇੱਕਠ ਦੀ ਬਰਾਬਰੀ ਹਾਲੇ ਤੱਕ ਕੋਈ ਭਾਈਚਾਰਾ ਸ਼ਾਇਦ ਨਹੀਂ ਕਰ ਸਕਿਆ।

ਜੇ ਟੋਰਾਂਟੋ ਵਿੱਚ ਹੁੰਦੇ ਦੋਵੇਂ ਵੱਡੇ ਨਗਰ ਕੀਰਤਨਾਂ, ਮਾਲਟਨ ਗੁਰ-ਦੁਆਰਾ ਸਾਹਿਬ ਤੋਂ ਰੈਕਸਡੇਲ ਤੱਕ ਉਂਟੇਰੀਓ ਗੁਰਦੁਆਰਾ ਕਮੇਟੀ ਅਤੇ ਡਾਊਨ ਟਾਊਨ ਟੋਰਾਂਟੋ ਵਿੱਚ ਉਂਟੇਰੀਓ ਸਿੱਖਜ਼ ਅਤੇ ਗੁਰਦੁਆਰਾ ਕਾਉਂਸਲ, ਦੀ ਗੱਲ ਕੀਤੀ ਜਾਵੇ ਤਾਂ ਇਸ ਸਾਲ ਕੁੱਲ ਮਿਲਾ ਕੇ 3 ਲੱਖ ਦੇ ਕਰੀਬ ਸਿੱਖਾਂ ਨੇ ਹਿੱਸਾ ਲਿਆ ਹਾਲਾਂਕਿ ਸੱਮੁਚੇ ਉਂਟੇਰੀਓ ਵਿੱਚ ਸਿੱਖਾਂ ਦੀ ਗਿਣਤੀ ਢਾਈ ਲੱਖ ਦੇ ਕਰੀਬ ਹੀ ਹੈ। ਭਾਵ ਅਜਿਹੇ ਸ਼ਰਧਾਲੂਆਂ ਵੱਡੀ ਗਿਣਤੀ ਵਿੱਚ ਹਨ ਜੋ ਦੋਵਾਂ ਨਗਰ ਕੀਰਤਨਾਂ ਵਿੱਚ ਹਿੱਸਾ ਲੈਂਦੇ ਹਨ। ਇਹ ਵੱਖਰੀ ਗੱਲ ਹੈ ਕਿ ਆਯੋਜਤ ਕਰਨ ਵਾਲੀਆਂ ਜੱਥੇਬੰਦੀਆਂ ਅਤੇ ਉਹਨਾਂ ਨਾਲ ਸਬੰਧਿਤ ਗੁਰਦੁਆਰਿਆਂ ਦੀਆਂ ਮੈਨੇਜਮੈਂਟਾਂ ਵਿੱਚ ਵਿਚਾਰਧਾਰਕ ਮੱਤਭੇਦ ਹਨ। ਅਰਥ ਇਹ ਕਿ ਆਮ ਸਿੱਖ ਸਿਰਫ਼ ਗੁਰੂ ਦੇ ਆਸ਼ੇ, ਕਮਿਊਨਿਟੀ ਦੀ ਹੋਂਦ ਅਤੇ ਆਪਣੇ ਅਕੀਦੇ ਨੂੰ ਪ੍ਰਣਾਇਆ ਸ਼ਮੂਲੀਅਤ ਕਰਦਾ ਹੈ ਨਾ ਕਿ ਕਿਸੇ ਵਿਚਾਰਧਾਰਕ ਸੋਚ ਨੂੰ ਫੁੱਲ ਚੜਾਉਣ ਜਾਂਦਾ ਹੈ।

ਇਹੀ ਤੱਥ ਵੈਨਕੂਵਰ ਅਤੇ ਹੋਰ ਥਾਵਾਂ ਉੱਤੇ ਆਯੋਜਿਤ ਨਗਰ ਕੀਰਤਨਾਂ ਵਿੱਚ ਹੁੰਦੇ ਇੱਕਠਾਂ ਉੱਤੇ ਸੱਚ ਢੁੱਕਦਾ ਹੈ। ਬਹੁ-ਗਿਣਤੀ ਸਿੱਖਾਂ ਦੀ ਇਹ ਨਿਰਛਲਤਾ ਹੀ ਸਿੱਖ ਭਾਈਚਾਰੇ ਦੀ ਸ਼ਕਤੀ ਹੈ ਜਿਸ ਬਾਰੇ ਗੱਲ ਕੀਤੀ ਜਾਣੀ ਬਣਦੀ ਹੈ। ਕੀ ਆਮ ਸਿੱਖ ਨੂੰ ਲੀਡਰਸ਼ਿੱਪ ਦੇ ਆਸ਼ਿਆਂ ਅਤੇ ਕਾਰਵਾਈਆਂ ਤੋਂ ਕੁੱਝ ਲਾਭ ਵੀ ਹੁੰਦਾ ਹੈ ਜਾਂ ਆਮ ਸਿੱਖ ਮਹਿਜ਼ ਇੱਕ ਨੰਬਰ ਹੈ ਜਿਸਦਾ ਨਿਰਛਲਤਾ ਨਾਲ ਇੱਕਠ ਵਿੱਚ ਸ਼ਾਮਲ ਹੋਣਾ ਜੱਥੇਬੰਦੀਆਂ ਅਤੇ ਸੰਸਥਾਵਾਂ ਵੱਲੋਂ ਉਹਨਾਂ ਮੰਤਵਾਂ ਲਈ ਵਰਤਿਆ ਜਾਂਦਾ ਹੈ ਜਿਸ ਨਾਲ ਉਸਦਾ ਕੋਈ ਲੈਣਾ ਦੇਣਾ ਨਹੀਂ ਹੁੰਦਾ? ਇਹ ਗੰਭੀਰ ਸੁਆਲ ਹੈ ਜਿਸ ਬਾਰੇ ਚਰਚਾ ਕਰਨਾ ਸਮਾਂਉਚਿਤ ਜਾਪਦਾ ਹੈ।

ਗੁਰਦੁਆਰਿਆਂ ਅਤੇ ਨਗਰ ਕੀਰਤਨਾਂ ਵਿੱਚ ਵੱਖੋ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਸ਼ਮੂਲੀਅਤ ਬਾਰੇ ਇੱਕ ਗੱਲ ਸਾਫ਼ ਹੈ ਕਿ ਉਹ ਮਹਿਜ਼ ਆਪਣੇ ਸਿਆਸੀ ਮੰਤਵਾਂ ਦੀ ਪੂਰਤੀ ਲਈ ਹਾਜ਼ਰੀਆਂ ਭਰਦੇ ਹਨ। ਅਜਿਹਾ ਕੀਤਾ ਥੋੜਾ ਜਿਹਾ ਕੀਤਾ ਯਤਨ ਉਹਨਾਂ ਦੇ ਵੱਡੇ ਹਿੱਤ ਪੂਰਦਾ ਹੈ ਅਤੇ ਪਿਛਲੇ ਸਾਲਾਂ ਦੀ ਕਹਾਣੀ ਦੱਸਦੀ ਹੈ ਕਿ ਆਪਣੇ ਇਸ ਮੰਤਵ ਦੀ ਪੂਰਤੀ ਲਈ ਉਹ ਅੰਮ੍ਰਤਸਰ ਤੱਕ ਦੀ ਯਾਤਰਾ ਵੀ ਕਰ ਆਉਂਦੇ ਹਨ। ਪਰ ਇਸ ਸੱਭ ਕੁੱਝ ਦੇ ਬਾਵਜੂਦ ਐਸਾ ਕੁੱਝ ਹਾਸਲ ਹੋਇਆ ਨਹੀਂ ਜਾਪਦਾ ਜਿਸ ਨਾਲ ਆਮ ਸਿੱਖ ਨੂੰ ਲਾਭ ਹੋਇਆ ਹੋਵੇ। ਹਾਂ ਇੱਕ ਗੱਲ ਜਰੂਰ ਹੋਈ ਕਿ ਕੈਨੇਡਾ ਵਿੱਚ ਆਮ ਸਿੱਖ ਦਾ ਅਕਸ ਇੱਕ ਸਿਆਸੀ ਉਲਾਰ ਨਾਲ ਸਬੰਧਿਤ ਕਮਿਊਨਿਟੀ ਦਾ ਮੈਂਬਰ ਹੋਣ ਵਾਲਾ ਬਣ ਚੁੱਕਾ ਹੈ। ਦੂਜੇ ਪਾਸੇ ਜਿਹਨਾਂ ਨੇ ਅਹੁਦੇ ਹਾਸਲ ਕੀਤੇ, ਉਹਨਾਂ ਜਦੋਂ ਚਾਹਿਆ, ਕਮਿਊਨਿਟੀ ਦੇ ਪ੍ਰਭਾਵ ਨੂੰ ਵਰਤਿਆ ਅਤੇ ਅੱਗੇ ਤੁਰਦੇ ਗਏ।

ਜੇ ਮਿਸਾਲ ਦੇ ਕੇ ਗੱਲ ਕਰਨੀ ਹੋਵੇ ਤਾਂ ਸੱਭ ਤੋਂ ਪਹਿਲਾਂ ਭਾਰਤ ਦੀ ਅਜ਼ਾਦੀ ਤੋਂ ਦੋ ਸਾਲ ਬਾਅਦ ਪੈਦਾ ਹੋਏ ਜੁਝਾਰੂ ਸਿਆਸਤਦਾਨ ਗੁਰਬਖਸ਼ ਸਿੰਘ ਮੱਲ੍ਹੀ ਦਾ ਨਾਮ ਜ਼ਿਹਨ ਵਿੱਚ ਆਉਂਦਾ ਹੈ। ਕੈਨੇਡਾ ਦੀ ਪਾਰਲੀਮੈਂਟ ਵਿੱਚ ਪਹਿਲੇ ਦਸਤਾਰਧਾਰੀ ਇਸ ਸਿੱਖ ਨੇ ਜਿੰਨਾ ਬਣ ਸਕਿਆ, ਸਿੱਖ ਮਸਲਿਆਂ ਬਾਰੇ ਪਾਰਲੀਮੈਂਟ ਅਤੇ ਇਸਤੋਂ ਬਾਹਰ ਕੰਮ ਕੀਤਾ। ਉਹ ਸਾਲਾਂ ਬੱਧੀ 1984 ਦੇ ਕਤਲੇਆਮ ਅਤੇ ਹੋਰ ਮਸਲਿਆਂ ਬਾਰੇ ਓਟਾਵਾ ਵਿੱਚ ਪ੍ਰਦਰਸ਼ਨੀ ਲਾਉਣ ਦੀ ਹੀਆ ਕਰਦਾ ਰਿਹਾ। ਆਪਣੀ ਤੀਖਣਬੁੱਧੀ ਅਤੇ ਸਾਧਾਰਨ ਵਤੀਰੇ ਦੇ ਸਹਾਰੇ ਉਹ ਲੰਬਾ ਸਮਾਂ ਸਿੱਖ ਭਾਈਚਾਰੇ ਦਾ ਹੀਰੋ ਬਣ ਕੇ ਉਭੱਰਿਆ। ਉਸ ਕੋਲ ਬਣਦੀ ਹਲੀਮੀ ਸੀ ਜਿਸ ਬਦੌਲਤ ਉਹ 18 ਸਾਲ ਮੈਂਬਰ ਪਾਰਲੀਮੈਂਟ ਰਹਿ ਕੇ ਸਿੱਖ ਭਾਈਚਾਰੇ ਦੀ ਵੱਖਰੀ ਪਹਿਚਾਣ ਨੂੰ ਸਥਾਪਤ ਕਰਨ ਵਿੱਚ ਸਫ਼ਲ ਰਿਹਾ। ਫੇਰ ਇੱਕ ਸਮਾਂ ਆ ਗਿਆ ਜਦੋਂ ਸਾਡੇ ਧਾਰਮਿਕ ਅਦਾਰਿਆਂ ਅਤੇ ਸੰਸਥਾਵਾਂ ਵੱਲੋਂ ਸਰਦਾਰ ਮੱਲ੍ਹੀ ਦੇ ਵਜੂਦ ਨੂੰ ਇੱਕ ਜਾਂ ਦੂਜੇ ਕਾਰਣਾਂ ਕਰਕੇ ਬਣਦਾ ਸਥਾਨ ਦੇਣਾ ਘੱਟ ਕਰ ਦਿੱਤਾ ਗਿਆ। ਸਰਦਾਰ ਮੱਲ੍ਹੀ ਦੀ ਚੜਤ, ਉਸਦੇ ਸਹਾਰੇ ਵਹੀਰਾਂ ਘੱਤ ਕੇ ਆਉਣ ਵਾਲੇ ਸਿਆਸਤਦਾਨਾਂ ਦੀ ਆਮਦ ਅਤੇ ਫੇਰ ਸਿਆਸੀ ਦਰਜ਼ਾਬੰਦੀਆਂ ਕਾਰਣ ਉਸਦੇ ਪ੍ਰਭਾਵ ਨੂੰ ਖੋਰਾ ਲਾਉਣ ਦੇ ਕਰਮ ਨੇ ਇੱਕ ਅਜਿਹੇ ਜ਼ਮਾਨੇ ਦੀ ਆਦਮ ਨੂੰ ਦਸਤਕ ਦਿੱਤੀ ਜੋ ਭਾਈਚਾਰੇ ਦੀ ਤਾਦਾਦ ਵਿੱਚ ਭਾਰੀ ਵਾਧੇ ਦੇ ਬਾਵਜੂਦ ਪ੍ਰਭਾਵ ਦੀ ਨਿਰਬਲਤਾ ਦਾ ਸੂਚਕ ਬਣੀ। ਇੱਕ ਅਜਿਹੇ ਸਮੇਂ ਦੀ ਆਮਦ ਜਿਸ ਵਿੱਚ ਗੱਲਾਂ ਦੇ ਗੜਕੇ ਮਜ਼ਬੂਤ ਹੋਏ ਪਰ ਗੁਣਵੱਤਾ ਕਮਜ਼ੋਰ ਹੋਈ।

..... ਬਾਕੀ ਕੱਲ੍ਹ

# ਸੱਤਾ ’ਚ ਆਉਣ ’ਤੇ ਇਜ਼ਰਾਈਲ ਸਥਿਤ ਕੈਨੇਡੀਅਨ ਅੰਬੈਸੀ ਨੂੰ ਤਲ ਅਵੀਵ ਤੋਂ ਯੇਰੂਸ਼ਲੇਮ ਲਿਆਂਵਾਂਗੇ : ਸ਼ੀਅਰ

...ਪੰਨਾ 1 ਦਾ ਬਾਕੀ

ਯੇਰੂਸ਼ਲੇਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਵਾਅਦੇ ਨਾਲ ਸ਼ੀਅਰ ਵੱਲੋਂ ਇੱਕ ਸਾਲ ਪਹਿਲਾਂ ਪ੍ਰਗਟਾਏ ਗਏ ਤਹੱਈਏ ਦੀ ਹੀ ਪੁਸ਼ਟੀ ਹੁੰਦੀ ਹੈ। ਪਰ ਉਸ ਸਮੇਂ ਸ਼ੀਅਰ ਨੇ ਕੈਨੇਡੀਅਨ ਅੰਬੈਸੀ ਨੂੰ ਉੱਥੇ ਲਿਜਾਣ ਦਾ ਵਾਅਦਾ ਨਹੀਂ ਸੀ ਕੀਤਾ। ਜ਼ਿਕਰਯੋਗ ਹੈ ਕਿ ਯੇਰੂਸ਼ਲੇਮ ਇਜ਼ਰਾਈਲ ਤੇ ਫਲਸਤੀਨ ਦਰਮਿਆਨ ਵਿਵਾਦਗ੍ਰਸਤ ਟੈਰੇਟਰੀ ਹੈ ਤੇ ਕਿਸੇ ਵੀ ਸ਼ਾਂਤੀ ਵਾਰਤਾ ਵਿੱਚ ਉਸ ਦੇ ਦਰਜੇ ਦਾ ਸਵਾਲ ਮਿਆਰੀ ਹੋ ਨਿੱਬੜਦਾ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਯੇਰੂਸ਼ਲੇਮ ਉਸ ਦੀ ਰਾਜਧਾਨੀ ਹੈ ਤੇ ਉਸ ਦੀਆਂ ਆਪਣੀਆਂ ਸਾਰੀਆਂ ਕੌਮੀ ਸਰਕਾਰੀ ਸੰਸਥਾਵਾਂ ਦੇ ਆਫਿਸ ਉੱਥੇ ਹੀ ਹਨ। ਪਰ ਇਜ਼ਰਾਈਲ ਵਿੱਚ ਸਾਰੀਆਂ ਅੰਬੈਸੀਜ਼ ਉੱਥੋਂ 70 ਕਿਲੋਮੀਟਰ ਦੂਰ ਤਲ ਅਵੀਵ ਵਿੱਚ ਹਨ। ਕੈਨੇਡਾ ਦੀ ਅੰਬੈਸੀ ਨੂੰ ਯੇਰੂਸ਼ਲੇਮ ਸ਼ਿਫਟ ਕਰਨ ਦੇ ਸ਼ੀਅਰ ਦੇ ਵਾਅਦੇ ਵਿੱਚੋਂ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਬਿਆਨ ਦੀ ਝਲਕ ਮਿਲਦੀ ਹੈ।

ਇਸ ਤੋਂ ਇਲਾਵਾ ਸ਼ੀਅਰ ਨੇ ਅਮਰੀਕਾ ਦੇ ਬਾਲਿਸਟਿਕ ਮਿਜ਼ਾਈਲ ਡਿਫੈਂਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਵੀ ਤਹੱਈਆ ਪ੍ਰਗਟਾਇਆ। ਪਿਛਲੀਆਂ ਲਿਬਰਲ ਤੇ ਕੰਜ਼ਰਵੇਟਿਵ ਸਰਕਾਰਾਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਸੀ। ਅਮਰੀਕਾ, ਕੈਨੇਡਾ ਤੋਂ ਬਿਨਾਂ ਹੀ ਆਪਣੇ ਮਿਜ਼ਾਈਲ ਸ਼ੀਲਡ ਪ੍ਰੋਗਰਾਮ ਨਾਲ ਅੱਗੇ ਵੱਧ ਗਿਆ ਸੀ।

# ਗ੍ਰੀਨ ਪਾਰਟੀ ਦੇ ਪਾਲ ਮੈਨਲੀ ਨੇ ਜਿੱਤੀ ਨਨੇਮੋ-ਲੇਡੀਸਮਿੱਥ ਦੀ ਜ਼ਿਮਨੀ ਚੋਣ

...ਪੰਨਾ 1 ਦਾ ਬਾਕੀ

ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਤੋਂ ਬਾਅਦ ਪਾਰਲੀਆਮੈਂਟ ਵਿੱਚ ਥਾਂ ਬਣਾਉਣ ਵਾਲੇ ਮੈਨਲੇ ਗ੍ਰੀਨ ਪਾਰਟੀ ਦੇ ਦੂਜੇ ਮੈਂਬਰ ਬਣ ਗਏ ਹਨ।

ਮੈਨਲੀ ਨੇ ਆਖਿਆ ਕਿ ਉਨ੍ਹਾਂ ਦੀ ਜਿੱਤ ਨੇ ਹੋਰਨਾਂ ਪਾਰਟੀਆਂ ਨੂੰ ਇਹ ਸਿੱਧ ਕਰ ਦਿੱਤਾ ਹੈ ਕਿ ਕੈਨੇਡੀਅਨਜ਼ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਨੂੰ ਲੈ ਕੇ ਕਾਫੀ ਗੰਭੀਰ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਅਕਤੂਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਵੀ ਗ੍ਰੀਨ ਪਾਰਟੀ ਨੂੰ ਇਸੇ ਤਰ੍ਹਾਂ ਭਰਵਾਂ ਸਮਰਥਨ ਮਿਲੇਗਾ। ਮੈਨਲੀ ਨੇ ਆਖਿਆ ਕਿ ਸ਼ੁੱਕਰਵਾਰ ਨੂੰ ਉਹ ਓਟਵਾ ਜਾ ਰਹੇ ਹਨ। ਸਾਡੀ ਕੈਂਪੇਨ ਦਾ ਸਲੋਗਨ ਸੀ ਕਿ ਰਲ ਕੇ ਅਸੀਂ ਇਹ ਕਰ ਸਕਦੇ ਹਾਂ। ਅੱਜ ਅਸੀਂ ਇਹ ਕਰ ਵਿਖਾਇਆ। ਅਕਤੂਬਰ ਵਿੱਚ ਇੱਕ ਵਾਰੀ ਫਿਰ ਅਸੀਂ ਇਹ ਸੱਭ ਕਰਾਂਗੇ।

ਮੈਨਲੀ ਨੇ ਆਖਿਆ ਕਿ ਉਹ ਆਪਣੀ ਆਗੂ ਐਲਿਜ਼ਾਬੈੱਥ ਮੇਅ ਦੀ ਮਦਦ ਕਰਨ ਲਈ ਓਟਵਾ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਗ੍ਰੀਨ ਕਾਕਸ ਨੂੰ ਦੁੱਗਣਾ ਕਰਨ ਲਈ ਉਹ ਉਨ੍ਹਾਂ ਨਾਲ ਰਲ ਕੇ ਕੰਮ ਕਰਨ ਵਾਸਤੇ ਬੇਤਾਬ ਹਨ। ਉਨ੍ਹਾਂ ਇਹ ਵੀ ਆਖਿਆ ਕਿ ਆਪਣੇ ਬੱਚਿਆਂ ਤੇ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਉਹ ਕੋਈ ਸਮਝੌਤਾ ਨਹੀਂ ਕਰਨਗੇ। ਇਸ ਮੌਕੇ ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਨੇ ਆਖਿਆ ਕਿ ਨਵੇਂ ਫੈਡਰਲ ਯੁੱਗ ਦੀ ਸ਼ੁਰੂਆਤ ਹੋ ਚੁੱਕੀ ਹੈ।

# ਗ੍ਰੀਨ ਪਾਰਟੀ ਦੀ ਜਿੱਤ ਤੋਂ ਸਿੱਧ ਹੈ ਕਿ ਕਲਾਈਮੇਟ ਚੇਂਜ ਤੋਂ ਪਰੇਸ਼ਾਨ ਹਨ ਕੈਨੇਡੀਅਨ : ਟਰੂਡੋ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਵਾਤਾਵਰਣ ਵਿੱਚ ਤਬਦੀਲੀਆਂ ਦਾ ਮੁੱਦਾ ਫੈਡਰਲ ਚੋਣਾਂ ਵਿੱਚ ਵੀ ਛਾਏ ਰਹਿਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਵੈਨਕੂਵਰ ਆਈਲੈਂਡ ਦੇ ਨਨੇਮੋ-ਲੇਡੀਸਮਿੱਥ ਹਲਕੇ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਗ੍ਰੀਨ ਪਾਰਟੀ ਦੇ ਉਮੀਦਵਾਰ ਪਾਲ ਮੈਨਲੀ ਨੂੰ 37.3 ਫੀ ਸਦੀ ਵੋਟਾਂ ਹਾਸਲ ਹੋਈਆਂ। ਕੰਜ਼ਰਵੇਟਿਵ ਉਮੀਦਵਾਰ ਜੌਹਨ ਹਰਸਟ 24.8 ਫੀ ਸੀਦ ਵੋਟਾਂ ਹਾਸਲ ਕਰਕੇ ਦੂਜੇ ਸਥਾਨ ਉੱਤੇ ਰਹੇ ਤੇ ਐਨਡੀਪੀ ਦੇ ਬੌਬ ਚੇਂਬਰਲਿਨ ਨੂੰ 23.1 ਫੀ ਸਦੀ ਵੋਟਾਂ ਹਾਸਲ ਹੋਈਆਂ ਤੇ ਉਹ ਤੀਜੇ ਸਥਾਨ ਉੱਤੇ ਰਹੇ। ਲਿਬਰਲ ਉਮੀਦਵਾਰ ਮਾਈਕਲ ਕੌਰਫੀਲਡ ਸਿਰਫ 11 ਫੀ ਸਦੀ ਵੋਟਾਂ ਹੀ ਹਾਸਲ ਕਰ ਸਕੇ। ਇਹ ਸੀਟ ਸਾਬਕਾ ਐਨਡੀਪੀ ਐਮਪੀ ਸ਼ੀਲਾ ਮੈਲਕਮਸਨ ਵੱਲੋਂ ਖਾਲੀ ਕੀਤੀ ਗਈ ਸੀ। ਹੁਣ ਉਹ ਪ੍ਰੋਵਿੰਸ਼ੀਅਲ ਵਿਧਾਨਸਭਾ ਵਿੱਚ ਬੈਠਦੀ ਹੈ। ਪਰ ਇਸ ਜਿੱਤ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਕੋਈ ਨਕਾਰ-ਾਤਮਕ ਅਸਰ ਨਹੀਂ ਪਿਆ ਲੱਗਦਾ।

ਮੰਗਲਵਾਰ ਨੂੰ ਕੈਬਨਿਟ ਮੀਟਿੰਗ ਤੋਂ ਪਹਿਲਾਂ ਟਰੂਡੋ ਨੇ ਆਖਿਆ ਕਿ ਅੱਜ ਅਸੀਂ ਦੇਸ਼ ਭਰ ਵਿੱਚ ਕੰਜ਼ਰਵੇਟਿਵ ਸਿਆਸਤਦਾਨਾਂ ਨੂੰ ਪ੍ਰੀਮੀਅਰ ਪੱਧਰ ਉੱਤੇ ਸਫਲ ਹੁੰਦਾ ਵੇਖ ਰਹੇ ਹਾਂ ਪਰ ਉਹ ਵਾਤਾਵਰਣ ਵਿੱਚ ਹੋਣ ਵਾਲੀਆਂ ਤਬਦੀਲੀਆਂ ਸਬੰਧੀ ਕੋਈ ਕਾਰਵਾਈ ਕਰਨ ਦੇ ਹੱਕ ਵਿੱਚ ਨਹੀਂ ਹਨ। ਟਰੂਡੋ ਨੇ ਆਖਿਆ ਕਿ ਅਹਿਮ ਗੱਲ ਇਹ ਹੈ ਕਿ ਕੈਨੇਡੀਅਨਾਂ ਨੂੰ ਇਸ ਸਾਲ ਦੇ ਅੰਤ ਵਿੱਚ ਉਹੀ ਸਰਕਾਰ ਚੁਣਨੀ ਚਾਹੀਦੀ ਹੈ ਜਿਹੜੀ ਵਾਤਾਵਰਣ ਸਬੰਧੀ ਕਾਰਵਾਈ ਕਰਨ ਲਈ ਵਚਨਬੱਧ ਹੋਵੇ। ਅਸੀਂ ਇਹ ਨੁਕਤਾ ਚੋਣ ਮੁਹਿੰਮ ਵਿੱਚ ਵੀ ਉਠਾਵਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਕਾਰਬਨ ਟੈਕਸ ਦੇ ਮੁੱਦੇ ਉੱਤੇ ਪ੍ਰਧਾਨ ਮੰਤਰੀ ਟਰੂਡੋ ਨੂੰ ਐਂਡਰਿਊ ਸ਼ੀਅਰ ਦੇ ਫੈਡਰਲ ਟੋਰੀਜ਼ ਦੇ ਨਾਲ ਨਾਲ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਏ, ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੋਂ ਸਖਤ ਖਿਲਾਫਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਅਫਸਰਾਂ ਤੋਂ ਪ੍ਰੇਸ਼ਾਨ ਵਿਅਕਤੀ ਨੇ ਪਾਵਰਕਾਮ ਦਫਤਰ ਵਿੱਚ ਜਾਨ ਦਿੱਤੀ

ਭਿਖੀਵਿੰਡ, 7 ਮਈ (ਪੋਸਟ ਬਿਊਰੋ)- ਆਪਣੇ ਘਰ ਦਾ 28 ਹਜ਼ਾਰ ਰੁਪਏ ਬਿਜਲੀ ਬਿਲ ਜਮ੍ਹਾ ਕਰਾਉਣ ਦੇ ਬਾਵਜੂਦ ਪਾਵਰਕਾਮ ਮੁਲਾਜ਼ਮਾਂ ਵੱਲੋਂ ਪ੍ਰੇਸ਼ਾਨ ਕਰਨ 'ਤੇ ਮਿਸਤਰੀ ਬਲਬੀਰ ਸਿੰਘ (46) ਨੇ ਪਾਵਰਕਾਮ ਦਫਤਰ ਜਾ ਕੇ ਸਲਫਾਸ ਨਿਗਲ ਲਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਥਾਣਾ ਭਿਖੀਵਿੰਡ ਵਿੱਚ ਪਾਵਰਕਾਮ, ਜੇ ਈ ਅਤੇ ਲਾਈਨਮੈਨ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਭਿਖੀਵਿੰਡ ਥਾਣੇ ਦੇ ਇੰਚਾਰਜ ਰਣਜੀਤ ਸਿੰਘ ਧਾਰੀਵਾਲ ਨੇ ਦੱਸਿਆ ਕਿ ਪਿੰਡ ਮਾੜੀ ਸਮਰਾ ਦੇ ਬਲਬੀਰ ਸਿੰਘ ਦੇ ਘਰ ਦਾ ਬਿਜਲੀ ਦਾ 28 ਹਜ਼ਾਰ ਰੁਪਏ ਬਿਲ ਬਕਾਇਆ ਸੀ। ਡੇਢ ਮਹੀਨਾ ਪਹਿਲਾਂ ਬਲਬੀਰ ਸਿੰਘ ਨੇ ਬਿਜਲੀ ਬਿਲ ਦਾ ਭੁਗਤਾਨ ਕਰ ਦਿੱਤਾ ਸੀ। ਇਸ ਦੇ ਬਾਵਜੂਦ ਪਾਵਰਕਾਮ ਵੱਲੋਂ ਬਲਬੀਰ ਸਿੰਘ ਵੱਲ ਪੰਜ ਹਜ਼ਾਰ ਰੁਪਏ ਹੋਰ ਕੱਢੇ ਜਾ ਰਹੇ ਸਨ। ਦੋਸ਼ ਹੈ ਕਿ ਪਾਵਰਕਾਮ ਦੇ ਐੱਸ ਡੀ ਓ ਬੂਟਾ ਰਾਮ, ਜੇ ਈ ਸੁਖਵਿੰਦਰ ਸਿੰਘ ਅਤੇ ਲਾਈਨਮੈਨ ਰੇਸ਼ਮ ਸਿੰਘ ਵੱਲੋਂ ਬਲਬੀਰ ਸਿੰਘ 'ਤੇ ਬਿਲ ਜਮ੍ਹਾ ਕਰਾਉਣ ਲਈ ਦਬਾਅ ਬਣਾਇਆ ਗਿਆ। ਬਲਬੀਰ ਸਿੰਘ ਨੂੰ ਕੱਲ੍ਹ ਦਫਤਰ ਵਿੱਚ ਬੁਲਾਇਆ ਗਿਆ ਤਾਂ ਐੱਸ ਡੀ ਓ ਨੇ ਬਿਜਲੀ ਕੁਨੈਕਸ਼ਨ ਕੱਟਣ ਦੀ ਧਮਕੀ ਦਿੱਤੀ। ਇਸ ਪਿੱਛੋਂ ਬਲਬੀਰ ਸਿੰਘ ਨੇ ਮੌਕੇ 'ਤੇ ਸਲਫਾਸ ਦੀਆਂ ਗੋਲੀਆਂ ਨਿਗਲ ਲਈਆਂ। ਉਸ ਨੂੰ ਹਸਪਤਾਲ ਭਰਤੀ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਥਾਣਾ ਇੰਚਾਰਜ ਰਣਜੀਤ ਸਿੰਘ ਧਾਰੀਵਾਲ ਦੇ ਕੋਲ ਬਲਬੀਰ ਸਿੰਘ ਨੇ ਬਿਆਨ ਦੇ ਦਿੱਤੇ ਸਨ, ਜਿਸ ਦੇ ਆਧਾਰ 'ਤੇ ਪਾਵਰਕਾਮ ਦੇ ਐੱਸ ਡੀ ਓ ਬੂਟਾ ਰਾਮ, ਜੇ ਈ ਸੁਖਵਿੰਦਰ ਸਿੰਘ, ਲਾਈਨਮੈਨ ਰੇਸ਼ਮ ਸਿੰਘ ਖਿਲਾਫ ਥਾਣਾ ਭਿਖੀਵਿੰਡ ਵਿੱਚ ਕੇਸ ਦਰਜ ਕੀਤਾ ਗਿਆ। ਬਲਬੀਰ ਸਿੰਘ ਦੇ ਬੇਟੇ ਸੁਖਬੀਰ ਸਿੰਘ ਨੇ ਦੱਸਿਆ ਕਿ ਪਾਵਰਕਾਮ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਕਾਫੀ ਸਮੇਂ ਤੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ।




# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ’ਤੇ ਸਮਾਗਮ

ਦਿੱਲੀ, 7 ਮਈ (ਗਿਆਨ ਸਿੰਘ): ਰਾਮਗੜ੍ਹੀਆ ਬੋਰਡ ਦਿੱਲੀ ਵੱਲੋਂ ਸਿੱਖ ਕੌਮ ਦੇ ਮਹਾਨ ਜਨਰੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਨ ਜਨਕਪੁਰੀ ਇਲਾਕੇ ਵਿਖੇ ਦਿੱਲੀ ਗੇਟ ਆਡੀਟੋਰੀਅਮ 'ਚ ਮਨਾਇਆ ਗਿਆ, ਜਿਸ ਵਿਚ ਅਕਾਲੀ ਦਲ ਹਰਿਆਣਾ (ਬੀ.ਸੀ.ਵਿੰਗ) ਦੇ ਪ੍ਰਧਾਨ ਇੰਜੀਨੀਅਰ ਬਲਬੀਰ ਸਿੰਘ ਤੇ ਪਾਨੀਪੱਤ ਦੇ ਮੇਅਰ ਬੀਬੀ ਅਵਨੀਤ ਕੌਰ ਸੱਗੂ ਵਿਸ਼ੇਸ਼ ਮਹਿਮਾਨ ਸਹਿਤ ਹਜਾਰਾਂ ਦੀ ਗਿਣਤੀ ਵਿਚ ਭਾਈਚਾਰੇ ਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ।।



ਬੋਰਡ ਦੇ ਸਕੱਤਰ ਜਨਰਲ ਸ. ਹਰਦਿੱਤ ਸਿੰਘ ਗੋਬਿੰਦਪੁਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਟੀਚਾ ਆਪਣੇ ਸਿੱਖੀ ਦੇ ਗੌਰਵਮਈ ਵਿਰਸੇ ਤੇ ਸੁਨਹਿਰੀ ਇਤਿਹਾਸ ਦੀ ਸੰਭਾਲ ਕਰਨਾ ਤੇ ਨਵੀਂ ਪੀੜ੍ਹੀ ਨੂੰ ਸਿੱਖ ਇਤਿਹਾਸ ਦੇ ਨਾਲ ਜੋੜਨਾ ਹੈ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਦੀ ਸੰਭਾਲ ਕਰਦੀਆਂ ਹਨ, ਉਹੀ ਕੌਮਾਂ ਲੰਬੀ ਜਿੰਦਗੀ ਜਿਉਂਦੀਆਂ ਹਨ। ਬੋਰਡ ਦੇ ਪ੍ਰਧਾਨ ਸ. ਜਤਿੰਦਰਪਾਲ ਸਿੰਘ ਗਾਗੀ ਨੇ ਕਿਹਾ ਕਿ ਅਸੀਂ ਇਸ ਤਰ੍ਹਾਂ ਦੇ ਉਪਰਾਲੇ ਤਾਂ ਕਰ ਰਹੇ ਹਾਂ ਅਤੇ ਬੋਰਡ ਦੇ ਭਾਈਚਾਰੇ ਲਈ ਵਿਆਹ ਦੇ ਰਿਸ਼ਤਿਆਂ ਲਈ ਮੈਰਿਜ ਬਿਊਰੋ ਦੀ ਸ਼ੁਰੂਆਤ ਵੀ ਕੀਤੀ ਹੈ, ਜਿਸ ਰਾਹੀਂ ਨਿਸ਼ਕਾਮ ਸੇਵਾ ਕੀਤੀ ਜਾਵੇਗੀ। ਇਸ ਸੇਵਾ ਦੀ ਸ਼ੁਰੂਆਤ ਕਰਨ ਤੇ ਸੰਗਤਾਂ ''ਚ ਉਤਸ਼ਾਹ ਵੀ ਹੈ।

ਬੋਰਡ ਦੇ ਚੇਅਰਮੈਨ ਸ. ਗੁਰਸ਼ਰਨ ਸਿੰਘ ਸੰਧੂ ਨੇ ਆਖਿਆ ਕਿ ਪਿੱਛਲੇ ਵਰ੍ਹੇ ਤੋਂ ਅਸੀਂ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਦਿਹਾੜ੍ਹਾ ਮਨਾਉਣ ਦੀ ਸ਼ੁਰੂਆਤ ਕੀਤੀ ਸੀ ਤੇ ਇਸ ਵਾਰ ਸਾਨੂੰ ਪਿੱਛਲੇ ਵਰ੍ਹੇ ਨਾਲੋਂ ਵੱਧ ਸੰਗਤਾਂ ਦਾ ਹੁੰਗਾਰਾ ਮਿਲਿਆ ਹੈ,। ਉਨ੍ਹਾਂ ਰਾਮਗੜ੍ਹੀਆ ਬੋਰਡ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ।ਇਸ ਪ੍ਰੋਗਰਾਮ ਦਾ ਆਰੰਭ ਇਸਤਰੀ ਸੱਤਸੰਗ ਸਭਾ ਚੰਦਰ ਵਿਹਾਰ ਦੀ ਬੀਬੀਆਂ ਵੱਲੋਂ ਕੀਰਤਨ ਨਾਲ ਕੀਤਾ ਗਿਆ ਤੇ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਦੀ ਵਿਆਖਿਆ ਬੀਬੀ ਪੁਸ਼ਪਿੰਦਰ ਕੌਰ ਖਾਲਸਾ ਨੇ ਕੀਤੀ।


ਇਸ ਪ੍ਰੋਗਰਾਮ ਵਿਚ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਸੀਨੀਅਰ ਮੀਤ ਪ੍ਰਧਾਨ ਬੀਬੀ ਰਣਜੀਤ ਕੌਰ ਰਾਮਗੜ੍ਹੀਆ, ਰਾਮਗੜ੍ਹੀਆ ਬੈਂਕ ਦੇ ਚੇਅਰਮੈਨ ਸ. ਅਜੀਤ ਸਿੰਘ ਸਿਹਰਾ, ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਗੁਰਮਿੰਦਰ ਸਿੰਘ ਮਠਾਰੂ, ਸਾਬਕਾ ਐਮ.ਪੀ. ਸ. ਐਚ.ਐਸ ਹੰਸਪਾਲ, ਹਰੀ ਨਗਰ ਵਿਧਾਨ ਸਭਾ ਦੇ ਵਿਧਾਇਕ ਸ. ਜਗਦੀਪ ਸਿੰਘ ਤੇ ਸਵ: ਗਿਆਨੀ ਜੈਲ ਸਿੰਘ ਦੇ ਪੋਤੇ ਸ. ਇੰਦਰਜੀਤ ਸਿੰਘ (ਬੱਬੂ) ਵਿਸੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਰਾਮਗੜ੍ਹੀਆ ਬੋਰਡ ਦੇ ਸਰਪ੍ਰਸਤਾਂ ਆਹੁਦੇਦਾਰਾਂ, ਮੈਂਬਰ ਸਾਹਬਾਨ ਤੇ ਦਿੱਲੀ ਤੋਂ ਇਲਾਵਾ ਸੋਨੀਪੱਤ, ਪਾਣੀਪੱਤ, ਅੰਬਾਲਾ, ਫਗਵਾੜਾ, ਜਲੰਧਰ, ਅੰਮ੍ਰਿਤਸਰ, ਗਾਜ਼ੀਆਬਾਦ, ਕੈਨੇਡਾ ਤੋਂ ਰਾਮਗੜੀਆ ਸੰਗਠਨਾ ਦੇ ਮੁੱਖੀ ਆਪਣੀ-ਆਪਣੀ ਕਮੇਟੀ ਦੇ ਮੈਂਬਰਾਂ ਨਾਲ ਹਾਜਰ ਸਨ। ਬੋਰਡ ਦੇ ਆਹੁਦੇਦਾਰਾਂ ਵੱਲੋਂ ਪ੍ਰੋਗਰਾਮ ਚ ਆਏ ਸਾਰੇ ਮਹਿਮਾਨਾ ਦਾ ਫੁੱਲਾਂ ਦੇ ਗੁਲਦਸਤੇ, ਸਿਰੋਪਾਓ ਤੇ ਯਾਦਗਾਰ ਚਿੰਨ ਦੇ ਕੇ ਸਨਮਾਨ ਕੀਤਾ ਗਿਆ।


















# ਲਾਲਚੀ ਡਾਕਟਰ ਦੀ ਦਾਸਤਾਨ

-ਰੋਹਿਤ ਸੋਨੀ ਸਾਦਿਕ

ਕਿਸੇ ਵੀ ਡਾਕਟਰ ਨੂੰ ਅਕਸਰ ਰੱਬ ਦਾ ਦੂਜਾ ਰੂਪ ਸਮਝਿਆ ਜਾਂਦਾ ਹੈ। ਜੇ ਰੱਬ ਦਾ ਰੂਪ ਡਾਕਟਰ ਇਕ ਬਹੁਤ ਲਾਲਚੀ ਇਨਸਾਨ ਹੋਵੇ ਤਾਂ ਉਸ ਨੂੰ ਕੀ ਕਿਹਾ ਜਾਣਾ ਚਾਹੀਦਾ ਹੈ? ਇਹ ਸਵਾਲ ਮੇਰੇ ਮਨ ਵਿੱਚ ਛੋਟੇ ਹੁੰਦਿਆਂ ਵਾਪਰੀ ਇਕ ਘਟਨਾ ਨਾਲ ਘਰ ਕਰ ਗਿਆ ਸੀ। ਗੱਲ ਲਗਭਗ ਪੱਚੀ ਸਾਲ ਪੁਰਾਣੀ ਹੈ। ਸਾਡੇ ਮਾਤਾ ਜੀ ਨੂੰ ਘਰ ਕਿਸੇ ਪ੍ਰੇਸ਼ਾਨੀ ਕਾਰਨ ਜਦੋਂ ਅਧਰੰਗ ਦਾ ਦੌਰਾ ਪਿਆ ਤਾਂ ਸ਼ਹਿਰ ਦੇ ਕਈ ਨਿੱਕੇ ਵੱਡੇ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਤੋਂ ਬਾਅਦ ਵੀ ਆਰਾਮ ਨਾ ਆਇਆ। ਸਾਨੂੰ ਮਾਤਾ ਜੀ ਨੂੰ ਬੀਕਾਨੇਰ ਦੇ ਇਕ ਵੱਡੇ ਸਰਕਾਰੀ ਹਸਪਤਾਲ ਲਿਜਾਣਾ ਪਿਆ, ਜਿਥੇ ਕੁਝ ਮੁੱਢਲੇ ਟੈਸਟਾਂ ਦੀਆਂ ਰਿਪੋਰਟਾਂ ਤੋਂ ਪਤਾ ਲੱਗਾ ਕਿ ਉਨ੍ਹਾਂ ਦੇ ਦਿਮਾਗ ਵਿੱਚ ਰਸੌਲੀ ਹੋ ਜਾਣ ਕਾਰਨ ਦਿਮਾਗ ਦੀਆਂ ਨਾੜਾਂ ਰਸੌਲੀ ਦੇ ਦਬਾਅ ਹੇਠ ਆਉਣ ਕਾਰਨ ਖੂਨ ਦੀ ਸਪਲਾਈ ਬੰਦ ਹੋ ਗਈ ਹੈ, ਜਿਸ ਕਾਰਨ ਉਨ੍ਹਾਂ ਦਾ ਖੱਬਾ ਪਾਸਾ ਮਾਰਿਆ ਗਿਆ ਹੈ। ਇਸ ਦਾ ਇਕੋ-ਇਕ ਹੱਲ ਸਿਰ ਦਾ ਆਪ੍ਰੇਸ਼ਨ ਸੀ।

ਉਥੇ ਪਹੁੰਚ ਕੇ ਸਾਨੂੰ ਪਤਾ ਲੱਗਾ ਕਿ ਸਿਰ ਦੇ ਆਪ੍ਰੇਸ਼ਨਾਂ ਦਾ ਮਾਹਰ ਇਕ ਹੀ ਡਾਕਟਰ ਹੈ, ਜਿਸ ਦੀ ਡਿਊਟੀ ਤਾਂ ਇਸ ਹਸਪਤਾਲ ਵਿੱਚ ਹੈ, ਪਰ ਉਹ ਬੀਕਾਨੇਰ ਸ਼ਹਿਰ ਤੋਂ ਲਗਭਗ 10 ਕਿਲੋਮੀਟਰ ਬਾਹਰ ਬਣੇ ਇਕ ਇਨਕਲੇਵ ਵਿੱਚ ਰਹਿੰਦਾ ਹੈ ਤੇ ਉਸ ਨੂੰ ਉਸ ਦੇ ਘਰ ਜਾ ਕੇ ਹੀ ਮਿਲਣਾ ਪਵੇਗਾ। ਸਾਨੂੰ ਨਾਲ ਇਹ ਵੀ ਪਤਾ ਲੱਗਾ ਕਿ ਉਹ ਬਹੁਤ ਲਾਲਚੀ ਡਾਕਟਰ ਹੈ ਜੋ ਬਿਨਾਂ ਪੈਸੇ ਲਏ ਕਿਸੇ ਮਰੀਜ਼ ਨੂੰ ਚੈਕ ਤੱਕ ਕਰਨ ਨਹੀਂ ਆਉਂਦਾ, ਇਲਾਜ ਕਰਨਾ ਤਾਂ ਬੜੀ ਦੂਰ ਦੀ ਗੱਲ ਹੈ। ਇਹ ਸੁਣ ਕੇ ਸਾਨੂੰ ਬਹੁਤ ਹੈਰਾਨੀ ਹੋਈ ਕਿ ਕੋਈ ਡਾਕਟਰ ਏਨਾ ਨਿਰਦਈ ਵੀ ਹੋ ਸਕਦਾ ਹੈ ਕਿ ਬਿਨਾਂ ਪੈਸੇ ਲਏ ਆਪਣੇ ਮਰੀਜ਼ਾਂ ਦਾ ਹਾਲ ਚਾਲ ਵੀ ਨਾ ਪੁੱਛੇ ਅਤੇ ਚੈਕਅਪ ਕਰਨ ਵੀ ਨਾ ਆਵੇ।

ਖੈਰ, ਸਾਨੂੰ ਵੀ ਉਸ ਡਾਕਟਰ ਨੂੰ ਮਿਲਣ ਉਸ ਦੇ ਘਰ ਜਾਣਾ ਪਿਆ। ਮੈਂ ਆਪਣੇ ਪਿਤਾ ਜੀ ਨਾਲ ਆਟੋ ਰਿਕਸ਼ਾ 'ਤੇ ਗਿਆ ਸੀ। ਉਸ ਦੇ ਘਰ ਕਾਫੀ ਲੋਕ ਪਹਿਲਾਂ ਹੀ ਬੈਠੇ ਹੋਏ ਸਨ। ਅਸੀਂ ਵੀ ਡਾਕਟਰ ਦਾ ਰੁਖ ਦੇਖਦੇ ਰਹੇ ਕਿਉਂਕਿ ਸਾਨੂੰ ਉਸ ਦੇ ਪੈਸੇ ਲੈਣ ਵਾਲੀ ਗੱਲ 'ਤੇ ਯਕੀਨ ਨਹੀਂ ਸੀ ਹੋ ਰਿਹਾ, ਪਰ ਥੋੜ੍ਹੀ ਦੇਰ ਬਾਅਦ ਹੀ ਸਾਡੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਅਤੇ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਅਸੀਂ ਦੇਖਿਆ ਕਿ ਉਹ ਡਾਕਟਰ ਜਿਸ ਕਿਸੇ ਤੋਂ ਵੀ ਪੈਸੇ ਲੈਂਦਾ ਸੀ, ਉਨ੍ਹਾਂ ਨੂੰ ਗਿਣਦਾ ਨਹੀਂ ਸੀ, ਸਿਰਫ ਉਨ੍ਹਾਂ ਦੀ ਮੋਟਾਈ ਦੇਖਦਾ ਅਤੇ ਆਪਣੇ ਟੇਬਲ 'ਤੇ ਪਏ ਇਕ ਸੂਟਕੇਸ ਦਾ ਢੱਕਣ ਆਪਣੇ ਸੱਜੇ ਹੱਥ ਦੀ ਚੀਚੀ ਨਾਲ ਚੁੱਕਦਾ ਅਤੇ ਪੈਸੇ ਉਸ ਵਿੱਚ ਸੁੱਟ ਦਿੰਦਾ। ਪੈਸੇ ਦੇਣ ਵਾਲੇ ਮਰੀਜ਼ਾਂ ਦੇ ਵਾਰਿਸਾਂ ਨੂੰ ਉਹ ਬੇਫਿਕਰ ਰਹਿਣ ਨੂੰ ਆਖਦਾ ਅਤੇ ਭੇਜ ਦਿੰਦਾ। ਸਾਡੀ ਵਾਰੀ ਆਈ। ਪਿਤਾ ਜੀ ਨੇ ਥੋੜ੍ਹੇ ਜਿਹੇ ਪੈਸੇ ਵੱਖ ਪਾ ਲਏ ਸਨ। ਸਾਰੀ ਗੱਲਬਾਤ ਦੱਸਣ 'ਤੇ ਅਸੀਂ ਉਸ ਡਾਕਟਰ ਨੂੰ ਰੁਪਏ ਦਿੱਤੇ। ਉਸ ਨੇ ਉਸੇ ਫਿਲਮੀ ਸਟਾਈਲ ਨਾਲ ਅਟੈਚੀ ਵਿੱਚ ਪਾਏ ਤੇ ਸਾਨੂੰ ਭਰੋਸਾ ਦਿੱਤਾ ਕਿ ਸਭ ਠੀਕ ਹੋ ਜਾਵੇਗਾ ਅਤੇ ਕਿਹਾ 'ਤੁਸੀਂ ਬੇਫਿਕਰ ਹੋ ਕੇ ਮਰੀਜ਼ ਕੋਲ ਜਾਓ।'

ਅਸੀਂ ਵਾਪਸ ਆਟੋ ਰਾਹੀਂ ਹਸਪਤਾਲ ਪਹੁੰਚੇ ਤਾਂ ਸਾਨੂੰ ਉਸ ਤੋਂ ਵੀ ਵੱਧ ਹੈਰਾਨੀ ਇਹ ਹੋਈ ਕਿ ਡਾਕਟਰ ਸਾਡੇ ਤੋਂ ਪਹਿਲਾਂ ਹਸਪਤਾਲ ਪੁੱਜ ਚੁੱਕਾ ਸੀ ਤੇ ਮਾਤਾ ਜੀ ਨੂੰ ਚੈਕ ਕਰਕੇ ਚਲਾ ਗਿਆ ਤੇ ਕੁਝ ਦਵਾਈਆਂ ਲਿਖ ਕੇ ਦੇ ਗਿਆ, ਜਿਸ ਨਾਲ ਉਨ੍ਹਾਂ ਦਾ ਇਲਾਜ ਸ਼ੁਰੂ ਹੋ ਗਿਆ ਸੀ। ਪਿਤਾ ਜੀ ਨੇ ਮੇਰੇ ਨਾਨੀ ਨੂੰ ਪੁੱਛਿਆ ਕਿ ਡਾਕਟਰ ਨੇ ਕਿਸੇ ਹੋਰ ਮਰੀਜ਼ ਨੂੰ ਵੀ ਚੈਕ ਕੀਤਾ ਕਿ ਨਹੀਂ। ਪਤਾ ਲੱਗਾ ਕਿ ਉਸ ਨੇ ਸਿਰਫ ਸਾਡੇ ਮਾਤਾ ਜੀ ਨੂੰ ਚੈਕ ਕੀਤਾ, ਨਾਲ ਪਏ ਕਿਸੇ ਵੀ ਮਰੀਜ਼ ਦਾ ਹਾਲ ਚਾਲ ਪੁੱਛਣਾ ਤਾਂ ਦੂਰ, ਉਸ ਨੇ ਕਿਸੇ ਵੱਲ ਚੱਜ ਨਾਲ ਵੇਖਿਆ ਵੀ ਨਹੀਂ। ਇਹ ਗੱਲ ਸੁਣ ਕੇ ਸਾਨੂੰ ਇਸ ਗੱਲ ਦਾ ਵੀ ਯਕੀਨ ਹੋ ਗਿਆ ਸੀ ਕਿ ਇਹ ਡਾਕਟਰ ਸਿਰਫ 'ਪੈਸੇ ਦਾ ਪੀਰ' ਹੈ। ਨਾ ਇਸ ਵਿੱਚ ਇਨਸਾਨੀਅਤ ਨਾਂ ਦੀ ਚੀਜ਼ ਹੈ ਅਤੇ ਨਾ ਕੋਈ ਦਿਆਲਤਾ। ਹਸਪਤਾਲ ਵਿੱਚ ਜਿਵੇਂ-ਜਿਵੇਂ ਦਿਨ ਬੀਤਦੇ ਗਏ ਤਾਂ ਸਾਨੂੰ ਪਤਾ ਲੱਗਾ ਇਸ ਹਸਪਤਾਲ ਵਿੱਚ ਬਹੁਤ ਸਾਰੇ ਮਰੀਜ਼ ਅਜਿਹੇ ਸਨ ਜੋ ਪਿਛਲੇ ਛੇ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਦਾਖਲ ਪਏ ਸਨ, ਪਰ ਡਾਕਟਰ ਨੂੰ ਪੈਸੇ ਨਾ ਦਿੱਤੇ ਜਾ ਸਕਣ ਕਾਰਨ ਉਨ੍ਹਾਂ ਦਾ ਇਲਾਜ ਨਹੀਂ ਸ਼ੁਰੂ ਹੋ ਸਕਿਆ ਸੀ। ਉਹ ਬਹੁਤ ਗਰੀਬ ਮਰੀਜ਼ ਸਨ। ਬਸ ਉਨ੍ਹਾਂ ਨੂੰ ਦੋ ਟਾਈਮ ਦਾ ਖਾਣਾ ਅਤੇ ਕੋਈ ਨਾ ਕੋਈ ਦਰਦ ਦੀ ਦਵਾਈ ਹਸਪਤਾਲ ਦੀਆਂ ਨਰਸਾਂ ਵੱਲੋਂ ਦੇ ਦਿੱਤੀ ਜਾਂਦੀ, ਜਿਸ ਨਾਲ ਉਨ੍ਹਾਂ ਦਾ ਟਾਈਮ ਪਾਸ ਤਾਂ ਹੋ ਰਿਹਾ ਸੀ ਪਰ ਬਿਮਾਰੀ ਵਧ ਰਹੀ ਸੀ। ਡਾਕਟਰ ਨੂੰ ਕਿਸੇ ਗੱਲ ਦੀ ਕੋਈ ਪਰਵਾਹ ਨਹੀਂ ਸੀ ਅਤੇ ਨਾ ਉਸ ਨੂੰ ਕੁਝ ਕਹਿਣ ਦੀ ਕਿਸੇ ਵਿੱਚ ਹਿੰਮਤ ਸੀ। ਸਮਾਂ ਆਪਣੀ ਚਾਲ ਚੱਲਦਾ ਜਾ ਰਿਹਾ ਸੀ। ਡਾਕਟਰ ਦੇ ਘਰ ਪੈਸੇ ਪਹੁੰਚਾਉਣ ਵਾਲਿਆਂ ਦਾ ਇਲਾਜ ਹੋ ਰਿਹਾ ਸੀ ਤੇ ਦੂਜੇ ਮਰੀਜ਼ ਮੰਜਿਆਂ 'ਤੇ ਪਏ ਜ਼ਿੰਦਗੀ ਤੇ ਮੌਤ ਨਾਲ ਜੂਝ ਰਹੇ ਸਨ। ਸਾਡੇ ਵੇਖਦਿਆਂ ਦੋ ਗਰੀਬ ਔਰਤਾਂ ਮੌਤ ਦੇ ਮੂੰਹ ਵਿੱਚ ਚਲੀਆਂ ਗਈਆਂ ਸਨ। ਉਥੇ ਕਿਸੇ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਆਲੇ ਦੁਆਲੇ ਦੇ ਮਰੀਜ਼ ਅਤੇ ਉਨ੍ਹਾਂ ਦੇ ਵਾਰਿਸ ਹਾਏ ਤੌਬਾ ਕਰਦੇ। ਡਾਕਟਰ ਦੀਆਂ ਗੱਲਾਂ ਕਰਦੇ, ਡਾਕਟਰ ਨੂੰ ਫਿੱਟੇ ਮੂੰਹ ਆਖਦੇ ਅਤੇ ਚੁੱਪ ਕਰ ਜਾਂਦੇ। ਇਕ ਦਿਨ ਮੇਰੇ ਨਾਨੀ ਜੀ ਨੇ ਇਕ ਨਰਸ ਨਾਲ ਡਾਕਟਰ ਦੇ ਏਨੇ ਬੇਦਿਲ ਹੋਣ ਬਾਰੇ ਚਰਚਾ ਛੇੜ ਲਈ ਤਾਂ ਸਾਨੂੰ ਇਹ ਜਾਣ ਕੇ ਹੋਰ ਵੀ ਹੈਰਾਨੀ ਹੋਈ, ਜਦੋਂ ਨਰਸ ਨੇ ਦੱਸਿਆ ਕਿ ਸਾਨੂੰ ਤਾਂ ਸਟਾਫ ਵਾਲਿਆਂ ਨੂੰ ਵੀ ਇਸ ਕੰਜੂਸ ਅਤੇ ਲਾਲਚੀ ਡਾਕਟਰ ਦੀ ਸਮਝ ਨਹੀਂ ਆਈ ਕਿ ਇਹ ਇੰਨਾ ਪੈਸਾ ਇਕੱਠਾ ਕਿਸ ਲਈ ਕਰਦਾ ਹੈ। ਇਸ ਦੀ ਨਾ ਤਾਂ ਕੋਈ ਧੀ ਹੈ ਅਤੇ ਨਾ ਹੀ ਪੁੱਤ।

ਅੱਜ ਵੀ ਅਜਿਹੇ ਕਈ ਅਫਸਰ, ਕਈ ਡਾਕਟਰ ਹਨ, ਜਿਨ੍ਹਾਂ ਦੇ ਲਾਲਚ ਦਾ ਕੋਈ ਅੰਤ ਨਹੀਂ ਅਤੇ ਉਨ੍ਹਾਂ ਦੇ ਕੋਈ ਔਲਾਦ ਵੀ ਨਹੀਂ ਹੈ। ਉਨ੍ਹਾਂ ਨੇ ਬੇਈਮਾਨੀ ਦਾ ਇਹ ਪੈਸਾ ਕਰਨਾ ਕੀ ਹੈ। ਸ਼ਾਇਦ ਇਸ ਗੱਲ ਦਾ ਜਵਾਬ ਉਨ੍ਹਾਂ ਲਾਲਚੀਆਂ ਤੋਂ ਬਿਨਾਂ ਹੋਰ ਕੋਈ ਨਹੀਂ ਦੇ ਸਕਦਾ। ਚਾਹੀਦਾ ਇਹ ਹੈ ਕਿ ਆਪਣੇ ਪੇਸ਼ੇ ਮੁਤਾਬਕ ਦੁਖੀਆਂ ਦੇ ਦੁੱਖ ਦੂਰ ਕਰਕੇ ਅਸੀਸਾਂ ਲੈਣ, ਪਰ ਉਨ੍ਹਾਂ ਦੀ ਸੋਚਣੀ ਹੀ ਵਪਾਰਕ ਬਣ ਚੁੱਕੀ ਹੈ।

# ਕਦੇ ਧੁੱਪ ਕਦੇ ਛਾਂ

-ਬਲਦੇਵ ਸਿੰਘ ਬਿੰਦਰਾ



ਦੇਸ਼ ਦੀ ਵੰਡ ਤੋਂ ਬਾਅਦ ਅੰਬਾਲੇ ਜ਼ਿਲ੍ਹੇ ਵਿੱਚ ਸੂਦਾਂ ਦੇ ਪਿੰਡ ਚੜਿਆਲੇ ਵਿੱਚ ਬ੍ਰਾਹਮਣਾਂ ਦਾ ਇੱਕੋ-ਇੱਕ ਘਰ ਸੀ। ਸੂਦਾਂ ਦੀ ਪ੍ਰੋਹਿਤਗਿਰੀ ਕਰਨ ਦੇ ਨਾਲ ਉਨ੍ਹਾਂ ਦੀ ਕਰਿਆਨੇ ਦੀ ਦੁਕਾਨ ਵੀ ਬਹੁਤ ਚੱਲਦੀ ਸੀ। ਦੁਕਾਨ ਇਲਾਕੇ ਵਿੱਚ ਮਸ਼ਹੂਰ ਸੀ। ਅਚਾਨਕ ਧਨਾਢ ਸਮਝ ਕੇ ਕਿਸੇ ਮੁਖਬਰ ਨੇ ਡਾਕਾ ਪੁਆ ਦਿੱਤਾ। ਸਭ ਕੁਝ ਲੁੱਟ ਪੁੱਟ ਗਿਆ।

ਇਸ ਬਰਬਾਦੀ ਤੋਂ ਬਾਅਦ ਦੋਵੇਂ ਭਰਾ ਆਪਣੀਆਂ ਤਿੰਨਾਂ ਭੈਣਾਂ ਦਾ ਵਿਆਹ ਕਰ ਕੇ ਪਿੰਡ ਛੱਡ ਕੇ ਚੰਡੀਗੜ੍ਹ ਆ ਗਏ। ਕਿਸੇ ਰਿਸ਼ਤੇਦਾਰ ਨੇ ਇਸ ਗਰੀਬੀ ਦੀ ਹਾਲਤ ਵਿੱਚ ਕੋਈ ਮਦਦ ਨਹੀਂ ਕੀਤੀ। ਵੱਡਾ ਭਰਾ ਸੰਤ ਰਾਮ ਮਲੇਰੀਆ ਰੋਕਥਾਮ ਵਿਭਾਗ ਵਿੱਚ ਮੱਛਰ ਮਾਰਨ ਵਾਲੀ ਦਵਾਈ ਛਿੜਕਣ ਲੱਗ ਗਿਆ। ਉਨ੍ਹਾਂ ਨੂੰ ਚੌਵੀ ਸੈਕਟਰ ਵਿੱਚ ਛੋਟਾ ਜਿਹਾ ਕੁਆਰਟਰ ਮਿਲ ਗਿਆ, ਜਿਸ ਵਿੱਚ ਦੋਵੇਂ ਭਰਾ, ਵੱਡੇ ਭਰਾ ਸੰਤ ਰਾਮ ਦੀ ਪਤਨੀ ਤੇ ਚਾਰ ਪੁੱਤਰਾਂ ਸਮੇਤ ਰਹਿਣ ਲੱਗੇ। ਛੋਟਾ ਭਰਾ ਧਰਮਪਾਲ ਛੜਾ ਹੀ ਸੀ। ਉਹ ਵੀ ਟੈਲੀਗ੍ਰਾਫ ਮਹਿਕਮੇ ਵਿੱਚ ਤਾਰ ਮੈਸੈਂਜਰ ਲੱਗ ਗਿਆ।

ਵੱਡਾ ਭਰਾ ਸੰਤ ਰਾਮ ਦਿਮਾਗੀ ਬਿਮਾਰੀ ਕਾਰਨ ਅਚਾਨਕ ਗੁਜ਼ਰ ਗਿਆ। ਸਾਰੇ ਪਰਵਾਰ ਦੀ ਜ਼ਿੰਮੇਵਾਰੀ ਬੱਚਿਆਂ ਦੇ ਚਾਚੇ ਧਰਮਪਾਲ ਉੱਤੇ ਆ ਪਈ। ਉਸ ਨੇ ਪਰਵਾਰ ਦੀ ਪਾਲਣਾ ਕਰਦਿਆਂ ਵਿਆਹ ਨਹੀਂ ਕਰਵਾਇਆ। ਵੱਡਾ ਭਤੀਜਾ ਹਰੀ ਓਮ ਪੁਲਸ ਵਿਭਾਗ ਵਿੱਚ ਨੌਕਰੀ ਲੱਗ ਗਿਆ। ਉਸ ਤੋਂ ਛੋਟੇ ਸਤੀਸ਼ ਕੁਮਾਰ ਨੂੰ ਪਿਤਾ ਦੀ ਜਗ੍ਹਾ ਨੌਕਰੀ ਮਿਲ ਗਈ ਤੇ ਕੁਆਰਟਰ ਵੀ ਉਹੀ ਰਿਹਾ। ਤਿੰਨਾਂ ਦੀ ਕਮਾਈ ਨਾਲ ਗਰੀਬੀ ਤੋਂ ਕੁਝ ਰਾਹਤ ਮਿਲੀ। ਫਿਰ ਕੁਦਰਤ ਹੋਰ ਮਿਹਰਬਾਨ ਹੋਈ। ਅਮਰੀਕਾ ਰਹਿੰਦਾ ਬੱਚਿਆਂ ਦਾ ਇੱਕ ਮਾਮਾ ਚੰਡੀਗੜ੍ਹ ਆਇਆ। ਉਹ ਆਪਣੀ ਭੈਣ ਨੂੰ ਛੋਟੇ ਭਾਣਜੇ ਰਮੇਸ਼ ਸਮੇਤ ਅਮਰੀਕਾ ਲੈ ਗਿਆ। ਉਥੇ ਉਸ ਭਾਣਜੇ ਨੂੰ ਪੜ੍ਹਾ ਲਿਖਾ ਕੇ ਸੈਟਲ ਕਰ ਦਿੱਤਾ। ਬਿਮਾਰ ਰਹਿਣ ਕਰ ਕੇ ਰਮੇਸ਼ ਹੋਰਾਂ ਦੀ ਮਾਂ ਵਾਪਸ ਭਾਰਤ ਆ ਗਈ। ਦੋ ਸਾਲਾਂ ਬਾਅਦ ਰਮੇਸ਼ ਤੋਂ ਵੱਡਾ ਲੜਕਾ ਸੁਰਿੰਦਰ ਵੀ ਅਮਰੀਕਾ ਚਲਾ ਗਿਆ। ਇਸ ਤਰ੍ਹਾਂ ਚਾਰਾਂ ਭਰਾਵਾਂ ਵਿੱਚੋਂ ਦੋ ਅਮਰੀਕਾ ਤੇ ਦੋ ਇਧਰ ਪੰਚਕੂਲਾ ਕੋਠੀਆਂ ਪਾ ਕੇ ਰਹਿੰਦਿਆਂ ਉਚੇ ਅਹੁਦਿਆ ਤੋਂ ਸੇਵਾਮੁਕਤ ਹੋਏ। ਇਧਰ ਧਰਮਪਾਲ ਵੀ ਆਪਣੀ ਨੌਕਰੀ ਕਰ ਕੇ 1993 ਵਿੱਚ ਸੇਵਾ-ਮੁਕਤ ਹੋ ਗਿਆ ਸੀ।

ਧਰਮਪਾਲ ਦੀ ਸੇਵਾਮੁਕਤੀ ਤੋਂ ਬਾਅਦ ਉਸ ਦੀ ਭਰਜਾਈ ਦੀ ਮੌਤ ਹੋ ਗਈ। ਉਹ ਨੇਕ ਔਰਤ ਸੀ ਤੇ ਮਰਨ ਤੋਂ ਪਹਿਲਾਂ ਉਹ ਸਾਰੇ ਬੱਚਿਆਂ ਨੂੰ ਇਹ ਤਾਕੀਦ ਕਰ ਗਈ ਕਿ ਤੁਸੀਂ ਆਪਣੇ ਪਿਤਾ ਸਮਾਨ ਚਾਚੇ ਨੂੰ ਪੂਰਾ ਮਾਣ ਸਤਿਕਾਰ ਦੇਣਾ ਅਤੇ ਅਖੀਰ ਤੱਕ ਇਸ ਦੀ ਸੰਭਾਲ ਕਰਨੀ ਹੈ। ਧਰਮਪਾਲ ਵੀ ਮਿਹਨਤੀ, ਇਮਾਨਦਾਰ ਅਤੇ ਸਭ ਦੀ ਇੱਜ਼ਤ ਕਰਨ ਵਾਲਾ ਸੀ। ਮੈਨੂੰ ਵੀ ਟੈਲੀਗਰਾਫ ਵਿਭਾਗ ਵਿੱਚ ਨੌਕਰੀ ਕਾਰਨ ਉਸ ਦੇ ਕੰਮ ਬਾਰੇ ਕੋਈ ਸ਼ਿਕਾਇਤ ਨਹੀਂ ਮਿਲੀ। ਅਸੀਂ ਸਾਰੇ ਉਸ ਨੂੰ ਛੜਾ ਚਾਚਾ ਕਹਿ ਕੇ ਮਜ਼ਾਕ ਕਰ ਲੈਂਦੇ ਸੀ। ਉਹ ਕਈ ਵੇਰ ਮੇਰੇ ਨਾਲ ਪਿੰਡ ਵਿੱਚ ਰਹਿੰਦਿਆਂ ਦੁਕਾਨ ਵੇਲੇ ਦੀਆਂ ਤੇ ਫਿਰ ਘੋਰ ਗਰੀਬੀ ਵਿੱਚ ਕੱਟੇ ਦਿਨਾਂ ਦੀਆਂ ਗੱਲਾਂ ਕਰ ਲੈਂਦਾ ਸੀ। ਮੌਜੂਦਾ ਚੰਗੇ ਦਿਨਾਂ ਨੂੰ ਦੇਖਦਿਆਂ ਉਹ ਖੁਸ਼ ਵੀ ਹੁੰਦਾ ਤੇ ਰੱਬ ਦਾ ਸ਼ੁਕਰ ਵੀ ਕਰਦਾ। ਚਾਚੇ ਭਤੀਜੇ ਉਸ ਦੀ ਅਤੇ ਉਸ ਦੇ ਦੋਸਤਾਂ ਦੀ ਪੂਰੀ ਇੱਜ਼ਤ ਕਰਦੇ। ਅਮਰੀਕਾ ਰਹਿੰਦੇ ਭਤੀਜਿਆਂ 'ਚੋਂ ਕੋਈ ਵੀ ਇਧਰ ਪੰਚਕੂਲਾ ਆਉਂਦਾ ਤਾਂ ਆਪਣੇ ਚਾਚਾ ਧਰਮਪਾਲ ਦੇ ਸਾਰੇ ਦੋਸਤਾਂ ਨੂੰ ਇਕੱਠੇ ਕਰ ਕੇ ਜਸ਼ਨ ਜਾਂ 17 ਦਸੰਬਰ ਨੂੰ ਹਰ ਸਾਲ ਉਸ ਦਾ ਜਨਮ ਦਿਨ ਮਨਾਉਂਦਾ।

ਅਖੀਰ 78 ਸਾਲ ਦੀ ਉਮਰ ਵਿੱਚ ਚੰਗੀ ਸੇਵਾ ਮਾਣਦਿਆਂ ਪੰਜ ਜੁਲਾਈ 2012 ਨੂੰ ਉਸ ਦਾ ਦਿਹਾਂਤ ਹੋ ਗਿਆ। ਮਰਨਾ ਸਭ ਨੇ ਹੈ, ਪਰ ਜੋ ਇੱਜ਼ਤ-ਮਾਣ ਉਸ ਨੂੰ ਮਿਲਿਆ, ਅਜਿਹਾ ਸਤਿਕਾਰ ਕਦੇ ਕਿਸੇ ਛੜੇ ਬੰਦੇ ਨੂੰ ਮਿਲਦਾ ਘੱਟ ਹੀ ਦੇਖਿਆ ਹੈ। ਅੱਜਕੱਲ੍ਹ ਤਾਂ ਬੱਚੇ ਆਪਣੇ ਸਕੇ ਮਾਂ-ਬਾਪ ਨੂੰ ਇੰਨਾ ਸਤਿਕਾਰ ਨਹੀਂ ਦਿੰਦੇ, ਉਹ ਤਾਂ ਫਿਰ ਵੀ ਚਾਚਾ ਸੀ।

## ਰਸੋਈ ਘਰ 'ਚ ਬਣਾਓ ਠੰਢਾ ਫਲੂਦਾ



ਸਮੱਗਰੀ-ਸਾਬੂਦਾਣਾ ਅੱਧਾ ਕੱਪ, ਇੱਕ ਗਲਾਸ ਕੰਡੈਂਸਡ ਮਿਲਕ, ਅੱਧਾ ਕੱਪ ਖੰਡ ਸੁਆਦ ਅਨੁਸਾਰ, ਪਕੇ ਹੋਏ ਨੂਡਲਜ਼ ਇੱਕ ਕੱਪ, ਪਿਸਤਾ ਕਾਜੂ ਅਤੇ ਅਖਰੋਟ ਇੱਕ ਚਮਚ, ਸਟ੍ਰਾਅਬਰੀ, ਅੰਬ ਅਤੇ ਕੇਲੇ ਦੇ ਬਰੀਕ ਟੁਕੜੇ ਦੋ ਚਮਚ, ਸੇਬ, ਅੰਗੂਰ ਇੱਕ ਚਮਚ, ਦੋ ਰੰਗ ਅਤੇ ਸਵਾਦ ਵਾਲੀ ਆਈਸਕ੍ਰੀਮ ਸੁਆਦ ਅਨੁਸਾਰ, ਰੂਹਅਫਜ਼ਾ ਸੁਆਦ ਅਨੁਸਾਰ, ਮਾਵਾ ਪਾਊਡਰ ਦੋ ਵੱਡੇ ਚਮਚ, ਇੱਕ ਵੱਡਾ ਚਮਚ ਬੂਰਾ ਖੰਡ, ਇੱਕ ਵੱਡਾ ਚਮਚ ਘਿਓ।

ਵਿਧੀ-ਸਭ ਤੋਂ ਪਹਿਲਾਂ ਸਾਬੂਦਾਣੇ ਨੂੰ ਪਾਣੀ ਵਿੱਚ ਭਿਉਂ ਕੇ ਤਿਆਰ ਕਰੋ। ਦੁੱਧ, ਕੰਡੈਂਸਡ ਮਿਲਕ ਅਤੇ ਖੰਡ ਨੂੰ ਗਰਮ ਕਰ ਕੇ ਠੰਢਾ ਕਰ ਲਓ। ਉਸ ਤੋਂ ਬਾਅਦ ਇੱਕ ਗਲਾਸ 'ਚ ਸਾਬੂਦਾਣਾ ਅਤੇ ਨੂਡਲਸ ਪਾ ਕੇ ਚੰਗੀ ਤਰ੍ਹਾਂ ਫੈਂਟੋ। ਹੁਣ ਦੋ ਸਵਾਦ ਵਾਲੀ ਆਈਸਕਰੀਮ, ਮੇਵੇ, ਦਹੀਂ, ਕੰਡੈਂਸਡ ਮਿਲਕ, ਨੂਡਲਜ਼, ਫਲਾਂ ਦੇ ਟੁਕੜੇ, ਮਾਵਾ ਅਤੇ ਅਖੀਰ 'ਚ ਕੰਡੈਂਸਡ ਮਿਲਕ, ਰੂਹਅਫਜ਼ਾ ਅਤੇ ਆਈਸਕ੍ਰੀਮ ਦੇ ਟੁਕੜੇ ਪਾ ਕੇ ਪਰੋਸੋ।

## ਬਿਊਟੀ ਟਿਪਸ ਰੰਗ ਰੂਪ ਨਿਖਾਰਣ ਲਈ



* ਇੱਕ ਨਿੰਬੂ ਦਾ ਰਸ ਕਟੋਰੀ 'ਚ ਨਿਚੋੜ ਲਓ, ਹੁਣ ਇਸ 'ਚ ਇੱਕ ਗਲਾਸ ਉਬਲਿਆ ਹੋਇਆ ਦੁੱਧ ਤੇ ਗਲਿਸਰੀਨ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰ ਲਓ। ਰਾਤ ਨੂੰ ਸੌਣ ਤੋਂ ਪਹਿਲਾਂ ਇਸ ਨੂੰ ਚਿਹਰੇ, ਹੱਥਾਂ ਤੇ ਪੈਰਾਂ 'ਤੇ ਲਾਓ ਤੇ ਸਵੇਰੇ ਉਠ ਕੇ ਇਸ ਨੂੰ ਧੋ ਲਓ। ਰੋਜ਼ਾਨਾ ਇਸ ਦੀ ਵਰਤੋਂ ਨਾਲ ਸਕਿਨ ਖੂਬਸੂਰਤ ਤੇ ਜਵਾਨ ਨਜ਼ਰ ਆਉਣ ਲੱਗੇਗੀ।
* ਰੰਗਤ ਸਾਫ ਕਰਨ ਲਈ ਅੱਧਾ ਚਮਚ ਨਿੰਬੂ ਦੇ ਰਸ 'ਚ ਕੁਝ ਬੂੰਦਾਂ ਗੁਲਾਬ ਜਲ ਦੀਆਂ ਮਿਲਾ ਲਓ ਤੇ ਫਿਰ ਇਸ ਨੂੰ ਚਿਹਰੇ ਤੇ ਗਰਦਨ 'ਤੇ 15 ਮਿੰਟ ਤੱਕ ਲਾਓ ਤੇ ਠੰਢੇ ਪਾਣੀ ਨਾਲ ਚਿਹਰਾ ਧੋ ਲਓ।
* ਇੱਕ ਚੌਥਾਈ ਚਮਚ ਨਿੰਬੂ ਦੇ ਰਸ 'ਚ ਇੱਕ ਚਮਚ ਦੁੱਧ ਤੇ ਖੀਰੇ ਦਾ ਰਸ ਮਿਲਾ ਕੇ ਚਿਹਰੇ 'ਤੇ ਲਾਓ ਤੇ 15 ਮਿੰਟ ਬਾਅਦ ਚਿਹਰਾ ਧੋ ਲਓ।
* ਇੱਕ ਛੋਟਾ ਚਮਚ ਖਸਖਸ ਤੇ ਇੱਕ ਛੋਟਾ ਚਮਚ ਚਿਰੌਂਜੀ ਨੂੰ ਦੁੱਧ ਵਿੱਚ ਭਿਉਂ ਦਿਓ, ਇਸ ਨੂੰ ਪੀਸ ਕੇ ਚਿਹਰੇ 'ਤੇ ਲਾਓ, ਇਹ ਘੱਟ ਸਮੇਂ 'ਚ ਹੀ ਚਿਹਰੇ 'ਤੇ ਨਿਖਾਰ ਲੈ ਆਉਂਦਾ ਹੈ।
* ਛੋਲਿਆਂ ਦੀ ਭਿੱਜੀ ਦਾਲ 'ਚ ਥੋੜ੍ਹੀ ਜਿਹੀ ਹਲਦੀ ਮਿਲਾ ਕੇ ਪੀਸ ਲਓ, ਤਿਆਰ ਪੈਕ ਨੂੰ ਹਫਤੇ ਵਿੱਚ ਦੋ ਵਾਰ ਲਾਓ, ਇਸ ਨਾਲ ਸਕਿਨ ਤਾਂ ਨਿਖਰੇਗੀ, ਨਾਲ ਹੀ ਮੁਹਾਸੇ ਵੀ ਕੰਟਰੋਲ ਹੋਣਗੇ।
* ਇੱਕ ਵੱਡਾ ਚਮਚ ਸੰਤਰੇ ਦੇ ਰਸ 'ਚ ਕੁਝ ਬੂੰਦਾਂ ਨਿੰਬੂ ਦੇ ਰਸ ਦੀਆਂ ਮਿਲਾਓ। ਇਸ ਨੂੰ ਲਾ ਕੇ 20 ਮਿੰਟ ਤੋਂ ਬਾਅਦ ਚਿਹਰਾ ਧੋ ਲਓ, ਰੰਗਤ ਵਿੱਚ ਨਿਖਾਰ ਆ ਜਾਏਗਾ।
* ਫੇਸ ਵਾਸ਼ ਤੋਂ ਇਲਾਵਾ ਚਿਹਰੇ ਦੀ ਡੈਡ ਸਕਿਨ ਨੂੰ ਸਾਫ ਕਰਨ ਲਈ ਫੇਸ ਸਕਰੱਬ ਦੀ ਵੀ ਰੋਜ਼ਾਨਾ ਵਰਤੋਂ ਕਰੋ।


TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".


WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005



Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

## ਵਿਅੰਗ

-ਕੇ ਐੱਲ ਗਰਗ

# ਭੜਾਸ ਕੱਢਣ ਦਾ ਸੁਖ

ਭੜਾਸ ਅੰਦਰ ਹੋਵੇ ਜਾਂ ਬਾਹਰ, ਬੰਦੇ ਨੂੰ ਔਖਾ ਕਰਦੀ ਹੈ। ਬਾਹਰਲੀ ਭੜਾਸ ਪ੍ਰਦੂਸ਼ਣ ਜਿਹੀ ਹੁੰਦੀ ਹੈ, ਜੋ ਹੌਲੀ ਹੌਲੀ ਮਾਰ ਕਰਦੀ ਹੈ। ਗਰਮੀਆਂ ਵਿੱਚ ਤੁਸੀਂ ਲੋਕਾਂ ਨੂੰ ਆਮ ਕਹਿੰਦੇ ਸੁਣਿਆ ਹੋਵੇਗਾ: ‘‘ਕਿੰਨੀ ਭੜਾਸ ਐ। ਸਾਹ ਲੈਣਾ ਔਖਾ ਹੋਇਆ ਪਿਐ। ਮਾਰ ਘੱਤਿਆ ਭੜਾਸ ਨੇ।’’

ਹੱਥ-ਪੱਖੀ ਫੁੱਲ ਸਪੀਡ ਉਤੇ ਘੁਮਾਉਂਦਿਆਂ ਬੁੱਢੀਆਂ-ਬੁੱਢੇ ਅਕਸਰ ਬੁੜਬੁੜਾਉਂਦੇ ਦੇਖੇ ਜਾਂਦੇ ਨੇ, ‘‘ਹਾਏ ਹਾਏ! ਮਾਰ 'ਤੇ ਭੜਾਸ ਨੇ।’’

ਇਹੋ ਜਿਹੇ ਵੇਲੇ ਹਵਾ ਦੇ ਹਲਕਾ ਜਿਹਾ ਬੁੱਲਾ ਵੀ ਮਰਦਿਆਂ 'ਚ ਜਾਨ ਪਾ ਦਿੰਦਾ ਹੈ।

ਅੰਦਰਲੀ ਭੜਾਸ ਤਾਂ ਕੁੱਕਰ ਜਾਂ ਬਾਇਲਰ ਅੰਦਰ ਜਮ੍ਹਾ ਹੋਈ ਸਟੀਮ ਜਿਹੀ ਹੁੰਦੀ ਹੈ, ਜੋ ਸੀਟੀ ਨਾ ਵੱਜਣ 'ਤੇ ਜਾਨ-ਲੇਵਾ ਸਿੱਧ ਹੋ ਸਕਦੀ ਹੈ। ਚੁੱਲ੍ਹੇ ਉੱਤੇ ਰੱਖੇ ਕੁੱਕਰ ਦੀ ਸੀਟੀ ਨਾ ਵੱਜੇ ਤਾਂ ਗ੍ਰਹਿਣੀ ਨੂੰ ਚਿੰਤਾ ਘੇਰ ਲੈਂਦੀ ਹੈ। ਇਉਂ ਹੀ ਬੰਦੇ ਅੰਦਰਲੀ ਭੜਾਸ ਦੀ ਸੀਟੀ ਨਾ ਵੱਜੇ ਤਾਂ ਉਸ ਦੀ ਜਾਨ ਲਬਾਂ ਉੱਤੇ ਆ ਜਾਂਦੀ ਹੈ। ਉਹ ਬੀਨ ਦੀ ਆਵਾਜ਼ ਸੁਣ ਰਹੇ ਸੱਪ ਵਾਂਗ ਮੇਲ੍ਹਣ ਲੱਗ ਜਾਂਦਾ ਹੈ। ਤੁਸੀਂ ਉਸ ਨਾਈ ਦੀ ਵਿਥਿਆ ਸੁਣੀ ਹੋਵੇਗੀ, ਜਿਸ ਨੇ ਹਜ਼ਾਮਤ ਬਣਾਉਣ ਗਿਆਂ ਕਿਸੇ ਰਾਜੇ ਦੇ ਖੋਤੇ ਦੇ ਕੰਨ ਦੇਖ ਲਈ ਸੀ। ਰਾਜੇ ਨੇ ਉਸ ਨੂੰ ਤਾੜਨਾ ਕਰ ਦਿੱਤੀ ਸੀ ਕਿ ਜੇ ਉਸ ਨੇ ਕਿਸੇ ਨੂੰ ਇਹ ਗੱਲ ਦੱਸੀ ਤਾਂ ਉਹ ਉਸ ਨਾਈ ਦਾ ਸਿਰ ਲਾਹ ਦੇਵੇਗਾ। ਇਹੋ ਜਿਹੀ ਮਹੱਤਵ ਪੂਰਨ ਗੱਲ ਨਾਈ ਦੱਸਣੋਂ ਰਹਿ ਨਹੀਂ ਸਕਦਾ ਸੀ। ਉਹ ਜਣੇ-ਖਣੇ ਨੂੰ ਰੋਕ ਕੇ ਆਖਦਾ :

‘‘ਓ ਜੀ, ਰਾਜੇ ਦੇ...।’’ ਅੱਗੋਂ ਉਸ ਦੀ ਜ਼ੁਬਾਨ ਠਾਕੀ ਜਾਂਦੀ।

‘‘ਰਾਜੇ ਦੇ ਕੀ ਬਈ?’’ ਅਗਲਾ ਪੁੱਛਦਾ।

‘‘ਕੁਸ਼ ਨੀਂ, ਕੁਸ਼ ਨੀ, ਐਵੇਂ ਈ।’’ ਉਸ ਨੂੰ ਆਪਣਾ ਆਪਾ ਝੱਟ ਫਾਂਸੀ 'ਤੇ ਲਮਕਦਾ ਦਿਸਣ ਲੱਗ ਪੈਂਦਾ। ਵਿਚਾਰਾ ਸਾਰਾ ਦਿਨ ਢਿੱਡ ਫੜੀ ਤੁਰਿਆ ਫਿਰਦਾ ਰਿਹਾ। ਦੱਸ ਨਹੀਂ ਸੀ ਸਕਦਾ ਤੇ ਦੱਸੇ ਬਗੈਰ ਰਹਿ ਨਹੀਂ ਸੀ ਸਕਦਾ। ਆਖਰ ਇੱਕ ਸੰਘਣੇ ਜੰਗਲ ਵਿੱਚ ਚਲਾ ਗਿਆ। ਆਲੇ-ਦੁਆਲੇ ਚਿੜੀ ਨਾ ਪਰਿੰਦਾ। ਡੂੰਘਾ ਟੋਆ ਪੁੱਟ ਕੇ, ਮੂਧੇ ਮੂੰਹ ਲੇਟ ਕੇ ਅਤੇ ਗਰਦਨ ਅੰਦਰ ਲਟਕਾ ਕੇ ਹੌਲੀ ਦੇਣੇ ਕਹਿਣ ਲੱਗਾ, ‘‘ਪਤੈ ਕੋਈ ਗੱਲ ਤੁਹਾਨੂੰ? ਆਪਣੇ ਰਾਜੇ ਦੇ ਖੋਤੇ ਦੇ ਕੰਨ ਨੇ। ਹਾਂ, ਹਾਂ, ਰਾਜੇ ਦੇ ਖੋਤੇ ਦੇ ਕੰਨ ਐ।’’ ਕਹਿੰਦਿਆਂ ਸਾਰ ਉਹ ਹੌਲਾ ਫੁੱਲ ਹੋ ਗਿਆ। ਜਿਵੇਂ ਉਸ ਦੀ ਅੰਦਰਲੀ ਸਾਰੀ ਦੀ ਸਾਰੀ ਸਟੀਮ ਸ਼ੂੰਅ ਕਰ ਕੇ ਟੋਏ ਵਿੱਚ ਜਾ ਪਈ ਹੋਵੇ। ਮੁੜ ਉਹ ਨਾਈ ਹੌਲੀ ਹੌਲੀ ਕਿੰਨੀ ਦੇਰ ਹੀ ਬੁੜਬੁੜਾਈ ਗਿਆ ਹੋਵੇ, ‘‘ਆਪਾਂ ਨੀ ਦੱਸੀ ਕੋਈ ਗੱਲ ਕਿਸੇ ਨੂੰ। ਦੱਸੀ ਐ ਕੋਈ ਗੱਲ ਕਿਸੇ ਨੂੰ? ਨਾ ਜੀ ਨਾ...।’’

ਇੱਕ ਬੁੱਢੜੀ ਦੂਸਰੀ ਨੂੰ ਮਿਲਣਸਾਰ ਉਲਾਂਭਾ ਦਿੰਦੀ ਪੁੱਛਦੀ ਹੈ-‘‘ਨੀ ਰਾਮ ਪਿਆਰੀਏ, ਤੂੰ ਮਿਲਣੋਂ ਗਿਲਣੋਂ ਈ ਰਹਿ ਗਈ। ਚੰਦਰੀਏ, ਤੂੰ ਜਮਾਂ ਮੱਥੇ ਈ ਨੀ ਲੱਗਦੀ?’’ ਰਾਮ ਪਿਆਰੀ ਝੱਟ ਗਿੱਧਾ ਪਾਉਂਦੀ ਆਖ ਦਿੰਦੀ ਹੈ, ‘‘ਮਿਲੀਏ ਕੀ ਨੀ? ਕੋਈ ਮਰਗ ਨਾ ਸਿਆਪਾ। ਸਿਆਪੇ ਬਹਾਨੇ ਇੱਕ ਦੂਜੇ ਦੇ ਮੂੰਹ-ਮੱਥੇ ਲੱਗੀਦਾ ਸੀ। ਢਿੱਡ ਹੌਲਾ ਕਰ ਲਈਦਾ ਸੀ।’’ ਮਰਗ 'ਤੇ ਮਿਲੀਆਂ ਸੱਸਾਂ ਮਰਨ ਵਾਲੇ ਨੂੰ ਘੱਟ, ਪਰ ਆਪਣੀਆਂ ਮੂੰਹ-ਜ਼ੋਰ ਨੂੰਹਾਂ ਨੂੰ ਵੱਧ ਪਿੱਟਦੀਆਂ ਨੇ। ਉਨ੍ਹਾਂ ਦੀ ਗੱਲਬਾਤ ਕੁਝ ਇਸ ਤਰ੍ਹਾਂ ਦੀ ਹੁੰਦੀ ਹੈ :

‘‘ਸੁਣਾ ਤੇਰੀ ਨੂੰਹ ਕਿਵੇਂ ਐ?’’

‘‘ਕਾਹਦੀ ਨੂੰਹ ਐ, ਸੱਤਾ ਚੁੱਲ੍ਹਿਆਂ ਦੀ ਸੁਆਹ। ਟੋਆ ਪੱਟੇ ਕਿਸੇ ਹੋਰ ਲਈ, ਦੱਬੇ ਉਸ ਨੂੰ। ਤੇਰੀ ਨੂੰਹ?’’

‘‘ਮੇਰੀ ਕਿਹੜਾ ਘੱਟ ਐ। ਬੋਲਦੀ ਐ ਤਾਂ ਨੱਕ ਵਿੱਚੋਂ ਠੂੰਹੇਂ ਡਿੱਗਦੇ ਐ। ਮ੍ਰਾਤੜਮਾਂ ਨੂੰ ਮਰਿਆ ਈ ਭਾਲਦੀ ਐ। ਉਹ ਇਹੋ ਜੀ ਐ, ਬਈ ਮਰਦੀ ਦੇ ਮੂੰਹ 'ਚ ਪਾਣੀ ਦੀ ਤਿੱਪ ਨਾ ਪਵੇ।’’ ਮਰਗ ਤੋਂ ਜਾਣ ਲੱਗੀਆਂ ਉਹ ਇੱਕ ਦੂਸਰੀ ਨੂੰ ਜ਼ਰੂਰ ਆਖਦੀਆਂ ਨੇ : ‘‘ਭੈਣ, ਮਿਲ ਪਿਆ ਕਰੀਏ ਕਦਾਈਂ। ਐਵੇਂ ਥੋੜ੍ਹੇ ਦਿਨਾਂ ਦਾ ਈ ਮੇਲਾ ਗੇਲਾ ਐ।’’

‘‘ਹਾਂ ਭੈਣ ਜ਼ਰੂਰ। ਸੁੱਖ ਸੁੱਖਿਆ ਕਰ ਕਿ ਕੋਈ ਨਾ ਕੋਈ ਮਰਗ ਸਿਆਪਾ ਆਇਆ ਰਹੇ। ਮੇਲ ਗੇਲ ਤਾਂ ਬਣਿਆ ਰਹਿੰਦੈ। ਲੈ ਦੋ ਗੱਲਾਂ ਕਰ ਕੇ ਢਿੱਡ ਹੌਲਾ ਫੁੱਲ ਹੋ ਗਿਐ। ਕਈ ਚਿਰਾਂ ਦੀ ਭੜਾਸ 'ਕੱਠੀ ਹੋਈ ਪਈ ਸੀ।’’

ਦੂਸਰੀ ਬੁੱਢੜੀ ਵੀ ਉੱਚੇ ਦੇਣੇ ਢਕਾਰ ਮਾਰ ਕੇ ਆਪਣੀ ਨਿਕਲ ਗਈ ਭੜਾਸ ਦਾ ਮੁਜ਼ਾਹਰਾ ਕਰ ਦਿੰਦੀ ਹੈ।

ਨੂੰਹਾਂ ਵੀ ਸੱਸ ਵਾਲੀ ਮਿੱਟੀ ਦੀਆਂ ਬਣੀਆਂ ਹੋਈਆਂ। ਕਿੱਟੀ ਪਾਰਟੀ ਵਿੱਚ ਉਹ ਖਾਣ-ਪੀਣ ਨਾਲੋਂ ਵੱਧ ਸੱਸਾਂ ਦਾ ਨਿੰਦਿਆਂ ਪਾਠ ਕਰਦੀਆਂ ਹਨ। ਉਹ ਚਾਹੇ ਸਮੋਸਾ ਖਾ ਰਹੀਆਂ ਹੋਣ, ਚਾਹੇ ਟਿੱਕੀ, ਚਾਹੇ ਚਾਹ ਪੀ ਰਹੀਆਂ ਹੋਣ ਜਾਂ ਪਾਣੀ, ਹਮੇਸ਼ਾ ਆਪਣੀਆਂ ਸੱਸਾਂ ਨੂੰ ਹੀ ਪਾਣੀ ਪੀ ਪੀ ਕੋਸਦੀਆਂ। ਉਨ੍ਹਾਂ ਦੀ ਵਾਰਤਾਲਾਪ ਕੁਝ ਇਸ ਤਰ੍ਹਾਂ ਦੀ ਹੁੰਦੀ ਹੈ :

‘‘ਤੇਰੀ ਸੱਸ ਹੈਗੀ ਐ?’’

‘‘ਹੈਗੀ ਆ ਹੈਗੀ ਆ। ਉਸ ਭੂਤਨੀ ਨੇ ਕਿੱਥੇ ਜਾਣੈ। ਮੇਰੀ ਤਾਂ ਲਹੂ ਦੀ ਬੂੰਦ-ਬੂੰਦ ਪੀ ਕੇ ਜਾਊ। ਪਤਾ ਨ੍ਹੀਂ ਕਿਹੜੇ ਜਨਮ ਦੇ ਪਾਪਾਂ ਦਾ ਬਦਲਾ ਲੈਂਦੀ ਐ।’’ ਉਸ ਨੂੰ ਸਮੋਸਾ ਵੀ ਸੱਸ ਦੇ ਮੂੰਹ ਜਿਹਾ ਦਿਸਣ ਲੱਗਦਾ ਹੈ।

‘‘...ਤੇ ਤੇਰੀ?’’

‘‘ਮੇਰੀ ਹਾਲੇ ਪੰਜਾਹ ਵਰ੍ਹੇ ਨ੍ਹੀਂ ਜਾਂਦੀ ਕਿਤੇ। ਪਈ ਐ ਡਬਲ ਰੁਪਏ ਵਰਗੀ। ਬੰਦਿਆਂ ਵਾਂਗ ਖੜਕਦੀ ਐ। ਸਾਰਾ ਘਰ ਮੁੱਠੀ 'ਚ ਕੀਤਾ ਹੋਇਐ ਬਾਘੜ ਬਿੱਲੀ ਜਿਹੀ ਨੇ।’’ ਉਸ ਨੂੰ ਆਲੂ ਟਿੱਕੀ ਸੱਸ ਵਾਂਗ ਰੜ੍ਹੀ ਹੋਈ ਦਿਸਦੀ ਹੈ। ਪੂਰੀ ਭੜਾਸ ਕੱਢ ਕੇ ਇੱਕ ਦੂਜੀ ਨੂੰ ਆਖਣਗੀਆਂ : ‘‘ਭੈਣ, ਖਾਣਾ ਭਾਵੇਂ ਮਿਸ ਕਰ ਦਿਆਂ, ਪਰ ਕਿੱਟੀ ਪਾਰਟੀ ਨ੍ਹੀਂ ਮਿਸ ਕਰ ਸਕਦੀ। ਇਸ ਬਹਾਨੇ ਭੜਾਸ ਤਾਂ ਨਿਕਲ ਜਾਂਦੀ ਐ। ਢਿੱਡ 'ਚ ਗੰਢਾਂ ਬੱਝੀਆਂ ਪਈਆਂ। ਆ ਕੇ ਉਹ ਤਾਂ ਖੁੱਲ੍ਹ ਜਾਂਦੀਆਂ।’’

‘‘ਹਾਂ ਭੈਣ, ਸੱਚ ਆਖਿਐ। ਇਨ੍ਹਾਂ ਡੈਣਾਂ ਤੋਂ ਤਾਂ ਰੱਬ ਬਚਾਵੇ। ਅੰਦਰਲੀ ਭਾਫ ਕਿਹੜਾ ਨਿਕਲਣ ਦਿੰਦੀ ਐ।’’

ਲੇਖਕਾਂ ਦੇ ਢਿੱਡ ਵੀ ਇਸ ਭੜਾਸ ਨਾਲ ਨੱਕੋ-ਨੱਕ ਤੂੜੇ ਹੁੰਦੇ ਨੇ। ਉਹ ਆਪਣੇ ਆਪ ਤੋਂ ਸਿਵਾਏ ਕਿਸੇ ਹੋਰ ਨੂੰ ਲੇਖਕ ਨਹੀਂ ਸਮਝਦੇ। ਕਵੀ ਜੂਠਣ ਦਾਸ ਆਖਣਗੇ, ‘ਸੁੱਚਮ ਦਾਸ ਵੀ ਕੋਈ ਕਵੀ ਐ, ਨਿਰੀ ਪੱਤਗੋਭੀ। ਪੱਤਾ ਪੱਤਾ ਕਰ ਦਿਉ, ਜਾਹ ਤਾਂ ਅੰਦਰੋਂ ਕੁਝ ਨਿਕਲ ਆਵੇ। ਸ਼ਿਅਰ ਇਉਂ ਕਹਿੰਦੈ ਜਿਵੇਂ ਯੱਕੜ ਮਾਰ ਰਿਹਾ ਹੋਵੇ।'' ਸੁੱਚਮ ਦਾਸ ਨੂੰ ਪੁੱਛੋ ਤਾਂ ਉਹ ਦੱਬੀ ਅੱਖ ਨੂੰ ਚੁਪੱਟ ਖੋਲ੍ਹਦਿਆਂ ਕਹਿ ਦੇਵੇਗਾ, ‘‘ਜੂਠਣ ਦਾਸ, ਨਿਰੀ ਜੂਠ। ਮਰਦੈ ਕਵਿਤਾ ਲਿਖਣ ਨੂੰ। ਸ਼ਾਇਰੀ ਇਉਂ ਕਰਦੈ ਜਿਵੇਂ ਪੱਠੇ ਕੁਤਰ ਰਿਹਾ ਹੋਵੇ। ਕਵਿਤਾ ਦੇ ਘਰ ਬਹੁਤ ਦੂਰ ਨੇ ਜੀ। ਇਹੋ ਜਿਹੇ ਲੋਕ ਕੀ ਜਾਨਣ ਕਵਿਤਾ ਕਿਸ ਚਿੜੀ ਦਾ ਨਾਂਅ ਹੁੰਦੈ।’’ ਟੋਟਨ ਸਿੰਘ ਆਪਣੇ ਤੋਂ ਸਿਵਾਏ ਕਿਸੇ ਨੂੰ ਕਹਾਣੀਕਾਰ ਨਹੀਂ ਮੰਨਦਾ ਆਖੇਗਾ : ‘‘ਘਾਣੀ ਲਿਖਣਾ ਏਨਾਂ ਚੂਚਿਆਂ ਦੇ ਵੱਸ ਦਾ ਰੋਗ ਨੀਂ। ਮਰਦੇ ਘਾਣੀ ਲਿਖਣ ਨੂੰ। ਇਉਂ ਘਾਣੀ ਪਾ ਕੇ ਬਹਿ ਜਾਣਗੇ, ਜਿਵੇਂ ਚਿੱਕੜ ਦੀ ਘਾਣੀ ਵਿੱਚ ਘੱਚ ਘੱਚ ਕਰਦੇ ਹੋਣ। ਟੋਟਨ ਸਿੰਘ ਜਿਹੀ ਘਾਣੀ ਕੌਣ ਮਾਈ ਦਾ ਲਾਲ ਲਿਖ ਸਕਦੈ। ਅਹੀ ਤਾਂ ਵਿਸ਼ਵ ਪੱਧਰ ਦੀ ਘਾਣੀ ਤੋਂ ਘੱਟ ਲਿਖਦੇ ਈ ਨ੍ਹੀਂ।’’

ਇਹੋ ਜਿਹੀਆਂ ਗੱਲਾਂ ਕਰ ਕੇ ਉਹ ਆਪਣੇ ਪੇਟ ਦੀ ਹਵਾ ਕੱਢਦੇ ਰਹਿੰਦੇ ਨੇ। ਸੱਚ ਜਾਣੋ, ਦੁਨੀਆ ਤਾਂ ਭੜਾਸ ਨਾਲ ਅੱਟੀ ਪਈ ਐ। ਭੜਾਸ ਕੱਢਣ ਦਾ ਆਪਣਾ ਸੁਖ ਹੁੰਦਾ ਹੈ। ਸਿਆਣਿਆਂ ਨੇ ਸੱਚ ਹੀ ਆਖਿਆ ਹੈ, ‘‘ਭੜਾਸ ਕੱਢਣ ਜਿਹਾ ਪਰਮ ਸੁਖ ਦੁਨੀਆ ਵਿੱਚ ਹੋਰ ਕੋਈ ਨਹੀਂ। ਸਿਆਣੇ ਲੋਕ ਸਹੀ ਮੌਕਾ ਮੇਲ ਮਿਲਣ 'ਤੇ ਸਭ ਤੋਂ ਪਹਿਲਾਂ ਆਪਣੀ ਭੜਾਸ ਕੱਢਣ ਦਾ ਸੁੱਖ ਹੀ ਪ੍ਰਾਪਤ ਕਰਦੇ ਹਨ। ਇਹੋ ਜਿਹਾ ਸੁੱਖ ਦਸ ਤੀਰਥ ਨਹਾ ਕੇ ਵੀ ਪ੍ਰਾਪਤ ਨਹੀਂ ਹੁੰਦਾ।’’

# ਮੋਦੀ ਦੇ ਪੱਖ ਵਿੱਚ ਅੰਡਰ ਕਰੰਟ ਮ੍ਰਿਗਤ੍ਰਿਸ਼ਨਾ ਜਾਂ ਸੱਚਾਈ

-ਵਿਜੇ ਵਿਦਰੋਹੀ

ਪਿਛਲੇ 10 ਦਿਨਾਂ ਵਿੱਚ ਚੋਣਾਂ ਬਦਲ ਜਿਹੀਆਂ ਗਈਆਂ ਹਨ। ਜਿੱਥੇ ਜਿੱਥੇ ਕਾਂਗਰਸ ਅਤੇ ਭਾਜਪਾ ਵਿਚਾਲੇ ਸਿੱਧਾ ਮੁਕਾਬਲਾ ਹੋ ਰਿਹਾ ਹੈ, ਉਥੇ ਇਹ ਬਦਲਾਅ ਨਜ਼ਰ ਆ ਰਿਹਾ ਹੈ। ਰਾਸ਼ਟਰਵਾਦ ਉਤੇ ਭਾਜਪਾ ਪੂਰੀ ਤਰ੍ਹਾਂ ਫੋਕਸ ਹੋ ਚੁੱਕੀ ਹੈ। ਪ੍ਰਧਾਨ ਮੰਤਰੀ ਦੀਆਂ ਰੈਲੀਆਂ 'ਚ ਵੀ ਨਾ ਉਜਵਲਾ ਦੀ ਗੱਲ ਹੁੰਦੀ ਹੈ ਅਤੇ ਨਾ ਮੁਦਰਾ ਯੋਜਨਾ ਦੀ। ਨੋਟਬੰਦੀ ਦਾ ਤਾਂ ਜ਼ਿਕਰ ਤੱਕ ਨਹੀਂ ਹੁੰਦਾ। ਇਥੋਂ ਤੱਕ ਸਵੱਛਤਾ ਮੁਹਿੰਮ ਨੂੰ ਵੀ ਇੱਕ-ਅੱਧੇ ਵਾਕ ਵਿੱਚ ਨਿਪਟਾ ਦਿੱਤਾ ਜਾਂਦਾ ਹੈ। ਪ੍ਰਚਾਰ ਵਿੱਚ ਜ਼ੋਰ ਪਾਕਿਸਤਾਨ, ਐਟਮ ਬੰਬ, ਅੱਤਵਾਦ, ਮਸੂਦ ਅਜ਼ਹਰ ਉਤੇ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਵਲੋਂ ਫਿਰ ਸਰਜੀਕਲ ਸਟਰਾਈਕ ਨੂੰ ਜ਼ੋਰ ਸ਼ੋਰ ਨਾਲ ਉਠਾਇਆ ਜਾਣ ਲੱਗਾ ਹੈ। ਇਥੋਂ ਤੱਕ ਕਿ ਕਾਂਗਰਸ ਨੂੰ ਵੀ ਮੋਦੀ ਨੇ ਉਨ੍ਹਾਂ ਦੀ ਪਿੱਚ ਉੱਤੇ ਆਉਣ ਲਈ ਮਜਬੂਰ ਕਰ ਦਿੱਤਾ ਹੈ। ਨਿਆਂ ਦੀ ਗੱਲ ਘੱਟ ਕਰਨ ਲੱਗੀ ਹੈ। ਕਾਂਗਰਸ ਪਾਰਟੀ ਆਪਣੇ ਸਮੇਂ ਦੀ ਸਰਜੀਕਲ ਸਟਰਾਈਕ ਗਿਣਾਉਣ ਲੱਗੀ ਹੈ। ਕਾਂਗਰਸ ਨੂੰ ਜਿੱਥੇ ਕਿਸਾਨ ਦੇ ਦਰਦ ਤੇ ਨੌਜਵਾਨਾਂ ਦੀ ਨੌਕਰੀ 'ਤੇ ਜ਼ੋਰ ਦੇਣਾ ਚਾਹੀਦਾ ਸੀ, ਉਹ ਕਦੇ ਰਾਫੇਲ ਦੇ ਪਿੱਛੇ ਦੌੜਦੀ ਤਾਂ ਕਦੇ ਆਪਣੇ ਸਮੇਂ ਦੀ ਸਰਜੀਕਲ ਸਟਰਾਈਕ ਗਿਣਾ ਰਹੀ ਹੈ। ਕੁੱਲ ਮਿਲਾ ਕੇ ਪੂਰੀ ਚੋਣ ਰਾਸ਼ਟਰਵਾਦ ਬਨਾਮ ਜਾਤੀਵਾਦ ਹੋ ਗਈ ਹੈ। ਖੇਤਰੀ ਪਾਰਟੀਆਂ ਦੇ ਰਾਜਾਂ ਵਿੱਚ ਰਾਸ਼ਟਰਵਾਦ ਖੇਤਰੀ ਪਾਰਟੀਆਂ ਦੇ ਕੱਦਾਵਰ ਨੇਤਾਵਾਂ ਦੇ ਵਿਅਕਤੀਗਤ ਕ੍ਰਿਸ਼ਮਿਆਂ ਅੱਗੇ ਦੱਬਿਆ ਦੱਬਿਆ ਨਜ਼ਰ ਆਉਂਦਾ ਹੈ, ਪਰ ਰਾਜਸਥਾਨ ਵਰਗੇ ਸੂਬਿਆਂ ਵਿੱਚ ਰਾਸ਼ਟਰਵਾਦ ਉਭਾਰ 'ਤੇ ਹੈ, ਜਿੱਥੇ ਕਾਂਗਰਸ ਨਾਲ ਹੀ ਭਾਜਪਾ ਨੇ ਭਿੜਨਾ ਹੈ।

ਇਸ ਵਾਰ ਦੀਆਂ ਚੋਣਾਂ ਵਿੱਚ ਆਪੋਜ਼ੀਸ਼ਨ ਦਾ ਸਭ ਤੋਂ ਵੱਡਾ ਨਾਅਰਾ ਰਿਹਾ ਹੈ ‘ਚੌਕੀਦਾਰ ਚੋਰ ਹੈ।' ਕਾਂਗਰਸ ਦੇ ਰਾਹੁਲ ਗਾਂਧੀ ਨੇ ਇਸ ਨੂੰ ਉਠਾਇਆ ਅਤੇ ਇਹ ਨਾਅਰਾ ਮਮਤਾ ਬੈਨਰਜੀ ਦੀਆਂ ਰੈਲੀਆਂ ਤੱਕ ਵਿੱਚ ਲੱਗਦਾ ਰਿਹਾ ਹੈ। ਭਾਜਪਾ ਨੇ ਪਹਿਲਾਂ ਇਸ ਨਾਅਰੇ ਦੀ ਅਣਦੇਖੀ ਕੀਤੀ, ਪਰ ਜਦੋਂ ਉਸ ਨੂੰ ਲੱਗਾ ਕਿ ਨਾਅਰਾ ਜਨਤਾ ਵਿਚਾਲੇ ਚੱਲ ਗਿਆ ਹੈ ਤਾਂ ਮੋਦੀ-ਅਮਿਤ ਸ਼ਾਹ ਦੀ ਜੋੜੀ ਨੇ ‘ਮੈਂ ਵੀ ਚੌਕੀਦਾਰ, ਤੂੰ ਵੀ ਚੌਕੀਦਾਰ, ਸਾਰਾ ਦੇਸ਼ ਚੌਕੀਦਾਰ’ ਦੇ ਗਾਣੇ ਗਾਉਣੇ ਸ਼ੁਰੂ ਕਰ ਦਿੱਤੇ। ਇਹ ਉਸੇ ਤਰ੍ਹਾਂ ਸੀ, ਜਿਸ ਤਰ੍ਹਾਂ ਪਾਕਿਸਤਾਨ ਦੇ ਬਾਲਾਕੋਟ ਵਿੱਚ ਦਾਖਲ ਹੋ ਕੇ ਮਾਰਨਾ। ਕਾਂਗਰਸ ਦੀ ਪਿੱਚ ਉਤੇ ਮੋਦੀ ਖੁਦ ਨੂੰ ਚੌਕੀਦਾਰ ਦੱਸ ਕੇ ਲਾਮ-ਲਸ਼ਕਰ ਨਾਲ ਉਤਰ ਪਏ। ਭਾਜਪਾ ਨੇ ਇਸ ਦੇ ਨਾਲ ਹੀ ‘ਰੁਕੇਂ ਨਹੀਂ ਝੁਕੇਂ ਨਹੀਂ’ ਦਾ ਨਾਅਰਾ ਵੀ ਕੰਮ ਵਿੱਚ ਲਿਆਉਣਾ ਚਾਹਿਆ, ਪਰ ਇਹ ਜ਼ੁਬਾਨ 'ਤੇ ਨਹੀਂ ਚੜ੍ਹਿਆ, ਅਲਬੱਤਾ ਆਏਗਾ ਤਾਂ ਮੋਦੀ ਹੀ, ਦਾ ਨਾਅਰਾ ਖੁਦ ਮੋਦੀ ਨੇ ਆਪਣੀਆਂ ਰੈਲੀਆਂ ਵਿੱਚ ਬੁਲੰਦ ਕਰਨਾ ਸ਼ੁਰੂ ਕੀਤਾ, ਜੋ ਕੰਮ ਕਰਦਾ ਨਜ਼ਰ ਆ ਰਿਹਾ ਹੈ। ਪਿਛਲੇ ਸਾਲ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਤੋਂ ਬਾਅਦ ਬੇਸ਼ੱਕ ਕਾਂਗਰਸ ਨੇ ਕਿਸਾਨਾਂ, ਨੌਜਵਾਨਾਂ ਦੇ ਮੁੱਦੇ ਨੂੰ ਜਿਤਾਊ ਮੁੱਦੇ ਦੇ ਰੂਪ ਵਿੱਚ ਲਿਆ ਹੋਵੇ, ਪਰ ਮੁੱਦੇ ਰਾਤੋ-ਰਾਤ ਖੜ੍ਹੇ ਨਹੀਂ ਕੀਤੇ ਜਾ ਸਕਦੇ ਸਨ, ਲਿਹਾਜ਼ਾ ਕਿਸਾਨਾਂ ਨੂੰ 60000 ਰੁਪਏ ਸਾਲ ਦੇ ਦੇਣ ਦੀ ਸ਼ੁਰੂਆਤ 2000-2000 ਦੀ ਕਿਸ਼ਤ ਦੇ ਰੂਪ ਵਿੱਚ ਕੀਤੀ। ਭਾਜਪਾ ਜਾਣਦੀ ਸੀ ਕਿ ਇਸ ਨਾਲ ਵੀ ਕੰਮ ਚੱਲਣ ਵਾਲਾ ਨਹੀਂ ਹੈ।

ਆਖਿਰ ਰਾਸ਼ਟਰਵਾਦ ਨੂੰ ਭੁਨਾਉਣ ਜਾ ਰਹੀ ਹੈ ਭਾਜਪਾ। ਪ੍ਰਧਾਨ ਮੰਤਰੀ ਦੇ ਪ੍ਰਚਾਰ ਵਿੱਚ ਪਾਕਿਸਤਾਨ, ਐਟਮ ਬੰਬ ਦਾ ਜ਼ਿਕਰ ਜ਼ਿਆਦਾ ਹੁੰਦਾ ਹੈ, ਪਾਣੀ ਦਾ ਘੱਟ। ਇਹ ਗੱਲ ਬਾੜਮੇਰ, ਜੋਧਪੁਰ ਵਰਗੇ ਇਲਾਕਿਆਂ ਵਿੱਚ ਵੱਧ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ, ਜਿੱਥੇ ਪਾਣੀ ਵੱਡਾ ਮੁੱਦਾ ਹੈ। ਰਾਸ਼ਟਰਵਾਦ ਕੰਮ ਵੀ ਕਰ ਰਿਹਾ ਹੈ। ਰਾਸ਼ਟਰਵਾਦ ਜਾਤੀਵਾਦ ਨੂੰ ਕਿੰਨਾ ਅਤੇ ਕਿਸ ਹੱਦ ਤੱਕ ਤੋੜ ਸਕੇਗਾ, ਇਹ ਕਹਿਣਾ ਮੁਸ਼ਕਲ ਹੈ, ਪਰ ਬਹੁਤ ਸਾਰੀਆਂ ਸੀਟਾਂ 'ਤੇ ਜਾਤੀਵਾਦ ਦੇ ਗਣਿਤ ਵਿੱਚ ਪੱਛੜਦੀ ਭਾਜਪਾ ਰਾਸ਼ਟਰਵਾਦ ਦੀ ਧਮਕ ਅਤੇ ਮੋਦੀ ਨਾਂਅ ਦੀ ਕੈਮਿਸਟਰੀ ਨਾਲ ਗੇਮ 'ਚ ਆਉਂਦੀ ਦਿਸ ਰਹੀ ਹੈ, ਪਰ ਇਥੇ ਇੱਕ ਪੇਚ ਹੈ। ਆਮ ਤੌਰ 'ਤੇ ਜੋ ਲੋਕ ਮੋਦੀ ਨੂੰ ਵੋਟ ਦੇਣ ਦੀ ਗੱਲ ਕਰ ਰਹੇ ਹਨ, ਉਨ੍ਹਾਂ ਨੂੰ ਵਿੱਚੋਂ ਜ਼ਿਆਦਾ ਅਜਿਹੇ ਹਨ, ਜੋ ਪਿਛਲੀ ਵਾਰ ਮੋਦੀ ਨੂੰ ਵੋਟ ਦੇ ਚੁੱਕੇ ਹਨ। ਬਹੁਤ ਘੱਟ ਅਜਿਹੇ ਲੋਕ ਮਿਲਦੇ ਹਨ, ਜੋ ਪਿਛਲੀ ਵਾਰ ਮੋਦੀ ਨੂੰ ਵੋਟ ਦੇਣ ਅਤੇ ਇਸ ਵਾਰ ਨਾ ਦੇਣ ਦੀ ਗੱਲ ਕਰਦੇ ਹਨ। ਅਜਿਹੇ ਲੋਕ ਹੋਰ ਘੱਟ ਮਿਲਦੇ ਹਨ, ਜਿਨ੍ਹਾਂ ਨੇ ਪਿਛਲੀ ਵਾਰ ਮੋਦੀ ਨੂੰ ਵੋਟ ਨਹੀਂ ਦਿੱਤੀ ਸੀ ਅਤੇ ਇਸ ਵਾਰ ਦੇਣ ਦਾ ਇਰਾਦਾ ਰੱਖਦੇ ਹਨ, ਪਰ ਇੱਕ ਗੱਲ ਹੈਰਾਨ ਕਰਦੀ ਹੈ, ਜਿੱਥੇ ਜਿੱਥੇ ਕਾਂਗਰਸ ਤੇ ਭਾਜਪਾ ਵਿਚਾਲੇ ਸਿੱਧਾ ਮੁਕਾਬਲਾ ਹੈ, ਉਥੇ ਜੋ ਲੋਕ ਉਨ੍ਹਾਂ ਦੀ ਲੋਕ ਸਭਾ ਸੀਟ ਉਤੇ ਕਾਂਗਰਸ ਦੀ ਜਿੱਤ ਦੀ ਗੱਲ ਕਰਦੇ ਹਨ ਤਾਂ ਨਾਲ ਇਹ ਜੋੜ ਦਿੰਦੇ ਹਨ ਕਿ



ਇਥੇ ਬੇਸ਼ੱਕ ਕਾਂਗਰਸ ਹੋਵੇ, ਪਰ ਦਿੱਲੀ 'ਚ ਮੋਦੀ ਹੀ ਜਿੱਤੇਗਾ। ਕਾਂਗਰਸ ਨੂੰ ਵੋਟ ਦੇਣ ਵਾਲਿਆਂ ਨੂੰ ਵੀ, ਭਾਵ ਕਾਂਗਰਸ ਨੂੰ ਵੋਟ ਦੇਣ ਵਾਲਿਆਂ ਨੂੰ ਵੀ ਕਾਂਗਰਸ ਦੇਸ਼ ਵਿੱਚ ਜਿੱਤਦੀ ਨਜ਼ਰ ਨਹੀਂ ਆ ਰਹੀ। ਜਿਸ ਤਰ੍ਹਾਂ ਭਾਜਪਾ ਦੇ ਸਮਰਥਕ ਮੋਦੀ-ਮੋਦੀ ਕਰਦੇ ਹਨ, ਉਸ ਤਰ੍ਹਾਂ ਕਾਂਗਰਸ ਸਮਰਥਕ ਰਾਹੁਲ-ਰਾਹੁਲ ਨਹੀਂ ਕਰਦੇ। ਇੱਕ ਹੋਰ ਗੱਲ ਦੇਖਣ ਨੂੰ ਮਿਲੀ ਕਿ ਔਰਤਾਂ ਵਿੱਚ ਮੋਦੀ ਨੂੰ ਲੈ ਕੇ ਜ਼ਿਆਦਾ ਜੋਸ਼ ਨਜ਼ਰ ਆਉਂਦਾ ਹੈ। ਪਿੰਡਾਂ ਵਿੱਚ ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨਿਵਾਸ ਯੋਜਨਾ 'ਚ ਘਰ ਮਿਲਿਆ, ਉਹ ਔਰਤਾਂ ਜਵਾਬ ਦੇਣ ਤੋਂ ਪਹਿਲਾਂ ਘਰ ਨੂੰ ਨਿਹਾਰਦੀਆਂ ਹਨ ਅਤੇ ਫਿਰ ਮੋਦੀ-ਮੋਦੀ ਕਹਿ ਕੇ ਹਲਕਾ ਜਿਹਾ ਮੁਸਕਰਾਉਂਦੀਆਂ ਹਨ।

ਜੋ ਲੋਕ ਮੋਦੀ ਨੂੰ ਵੋਟ ਦੇਣ ਦੀ ਗੱਲ ਕਰਦੇ ਹਨ, ਉਨ੍ਹਾਂ ਦੇ ਇੱਕੋ ਜਿਹੇ ਤਰਕ ਹਨ। ਇੱਕ; ਮੋਦੀ ਨੇ ਪਾਕਿਸਤਾਨ ਨੂੰ ਸਬਕ ਸਿਖਾਇਆ। ਦੋ; ਪੰਜ ਸਾਲ ਕੰਮ ਕਰਨ ਲਈ ਘੱਟ ਹੁੰਦੇ ਹਨ, ਫਿਰ ਮੌਕਾ ਦੇਣਾ ਚਾਹੀਦਾ ਹੈ। ਤਿੰਨ; ਕਾਂਗਰਸ ਤੋਂ ਚੰਗਾ ਕੰਮ ਕਰ ਹੀ ਰਹੇ ਹਨ। ਚਾਰ; ਦੁਨੀਆ 'ਚ ਦੇਸ਼ ਦਾ ਮਾਣ ਵਧਾਇਆ ਹੈ। ਪੰਜ; ਮੋਦੀ ਸਰਕਾਰ ਚਲੀ ਗਈ ਤਾਂ ਪਾਕਿਸਤਾਨ ਹਾਵੀ ਹੋ ਜਾਵੇਗਾ। ਛੇ; ਵਿਕਾਸ ਕੀਤਾ ਹੈ। ਇਹ ਅਜਿਹੇ ਲੋਕ ਹਨ, ਜੋ ਮੋਦੀ ਵਿਰੁੱਧੋ ਇੱਕ ਸ਼ਬਦ ਵੀ ਨਹੀਂ ਸੁਣਦੇ ਅਤੇ ਤਰਕ-ਕੁਤਰਕ ਤੱਕ ਉਤਰ ਆਉਂਦੇ ਹਨ। ਠੇਠ ਦਿਹਾਤੀ ਗੱਲ ਕਰੀਏ ਤਾਂ ਲੋਕ ਗੈਸ ਦੇਣ, ਮਕਾਨ ਦੇਣ ਦੀ ਗੱਲ ਕਰਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਆਯੁਸ਼ਮਾਨ ਯੋਜਨਾ ਦਾ ਕੋਈ ਜ਼ਿਕਰ ਨਹੀਂ। ਗੈਸ ਕੁਨੈਕਸ਼ਨ ਵਿੱਚ ਵੀ ਸਿਲੰਡਰ ਮਹਿੰਗਾ ਹੋਣ ਕਾਰਨ ਰੀਫਿਲ ਦੀ ਸਮੱਸਿਆ ਆਮ ਹੈ। ਮੁਦਰਾ ਯੋਜਨਾ ਦੀ ਗੱਲ ਕਰੋ ਤਾਂ ਲੋਕ ਕਹਿੰਦੇ ਹਨ ਕਿ ਬੈਂਕ ਬਾਬੂ ਕਰਜ਼ਾ ਦੇਣ 'ਚ ਬੜੀ ਨਾਂਹ-ਨੁੱਕਰ ਕਰਦੇ ਹਨ। ਬਹੁਤਿਆਂ ਨੇ ਮੁਦਰਾ ਯੋਜਨਾ ਦਾ ਨਾਂਅ ਹੀ ਨਹੀਂ ਸੁਣਿਆ। ਸਵੱਛਤਾ ਮੁਹਿੰਮ ਹੇਠ ਪਿੰਡ-ਪਿੰਡ ਵਿੱਚ ਟਾਇਲਟਸ ਬਣੀਆਂ ਦਿਸਦੀਆਂ ਹਨ, ਪਰ ਲੋਕ 12000 ਰੁਪਏ ਦੇ ਇਵਜ਼ ਵਿੱਚ ਤਿੰਨ-ਚਾਰ ਹਜ਼ਾਰ ਰੁਪਏ ਰਿਸ਼ਵਤ ਦੀ ਗੱਲ ਕਰਦੇ ਹਨ। ਘਟੀਆ ਸਮੱਗਰੀ ਦੀ ਵਰਤੋਂ ਦੀ ਗੱਲ ਕਰਦੇ ਹਨ।

ਕਿਸਾਨ ਸਾਫ ਨਾਰਾਜ਼ ਦਿਸਦਾ ਹੈ। ਆਪਣੀ ਸੂਬਾ ਸਰਕਾਰ ਤੋਂ ਵੀ ਤੇ ਮੋਦੀ ਸਰਕਾਰ ਤੋਂ ਵੀ। ਫਸਲ ਦੀ ਕੀਮਤ ਸਹੀ ਨਹੀਂ ਮਿਲਦੀ, ਲਾਗਤ ਤੱਕ ਨਹੀਂ ਨਿਕਲਦੀ, ਫਸਲ ਬੀਮਾ ਯੋਜਨਾ 'ਚ ਧੋਖਾ ਹੈ, ਕਰਜ਼ਾ ਮੁਆਫੀ ਛਲਾਵਾ ਹੈ, ਸਾਲ ਦੇ 60000 ਰੁਪਏ ਨਾਕਾਫੀ ਹਨ। ਜੇ ਤੁਸੀਂ ਕਿਸਾਨਾਂ ਨੂੰ ਮੋਦੀ ਦੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਦੀ ਯਾਦ ਦਿਵਾਉਂਦੇ ਹੋ ਤਾਂ ਕਿਸਾਨ ਹੱਸ ਪੈਂਦੇ ਹਨ। ਆਮ ਤੌਰ 'ਤੇ ਜਵਾਬ ਹੁੰਦਾ ਹੈ ਕਿ ਮੋਦੀ ਦਿੱਲੀ 'ਚ ਰਹਿੰਦੇ ਹਨ। ਉਨ੍ਹਾਂ ਨੂੰ ਕੀ ਪਤਾ ਕਿ ਕਿਵੇਂ ਖੇਤੀ ਕੀਤੀ ਜਾਂਦੀ ਹੈ। ਅਵਾਰਾ ਗਊਆਂ, ਬੈਲਾਂ, ਸਾਨ੍ਹਾਂ ਤੋਂ ਕਿਸਾਨ ਪਰੇਸ਼ਾਨ ਤੇ ਲਾਚਾਰ ਨਜ਼ਰ ਹਨ। ਸਾਰੀਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਕਿਸਾਨਾਂ ਦਾ ਇੱਕ ਹਿੱਸਾ ਫਿਰ ਮੋਦੀ ਦੀ ਗੱਲ ਕਰਦਾ ਹੈ। ਇਹ ਉਹ ਹਨ, ਜੋ ਮੋਦੀ ਦੇ ਰਾਸ਼ਟਰਵਾਦ ਤੋਂ ਪ੍ਰਭਾਵਤ ਹਨ। ਬੇਰੋਜ਼ਗਾਰ ਨੌਜਵਾਨ ਗੁੱਸੇ ਵਿੱਚ ਹੈ। ਮੋਦੀ ਨੂੰ ਵੋਟ ਨਾ ਦੇਣ ਦੀ ਗੱਲ ਕਰਦਾ ਹੈ। ਨੌਜਵਾਨਾਂ ਵਿੱਚ ਰਾਸ਼ਟਰਵਾਦ ਘੱਟ ਹੀ ਨਜ਼ਰ ਆਉਂਦਾ ਹੈ। ਇਹ ਭਾਜਪਾ ਲਈ ਖਤਰੇ ਦੀ ਘੰਟੀ ਹੋ ਸਕਦਾ ਹੈ।

ਪੰਜ ਸੂਬਿਆਂ ਵਿੱਚ ਜਿੰਨਾ ਦੇਖਿਆ, ਜਿੰਨੇ ਲੋਕਾਂ ਨਾਲ ਗੱਲ ਹੋਈ, ਉਸ ਦੇ ਆਧਾਰ 'ਤੇ ਕਿਸੇ ਅੰਤਿਮ ਸਿੱਟੇ 'ਤੇ ਪਹੁੰਚਣਾ ਬਹੁਤ ਮੁਸ਼ਕਲ ਹੈ। ਜਿੱਥੇ ਜਾਤੀਗਤ ਗਿਣਤੀਆਂ-ਮਿਣਤੀਆਂ ਹਾਵੀ ਹਨ, ਉਥੇ ਰਾਸ਼ਟਰਵਾਦ ਕੰਮ ਨਹੀਂ ਕਰ ਰਿਹਾ। ਜਿੱਥੇ ਮੁਸਲਿਮ ਤੀਹ ਫੀਸਦੀ ਜਾਂ ਉਸ ਤੋਂ ਵੱਧ ਹਨ ਤੇ ਵੰਡ ਨਹੀਂ ਹੋ ਰਹੀ, ਉਥੇ ਵੀ ਰਾਸ਼ਟਰਵਾਦ ਕੰਮ ਕਰਦਾ ਦਿਸ ਨਹੀਂ ਰਿਹਾ। ਕਿੰਨੀਆਂ ਜਾਤੀਵਾਦ ਦੇ ਖਾਤੇ ਵਿੱਚ ਅਤੇ ਫਸੀਆਂ ਹੋਈਆਂ ਸੀਟਾਂ 'ਚੋਂ ਜ਼ਿਆਦਾ ਜਿੱਤਣ ਵਾਲੀ ਕਿਹੜੀ ਪਾਰਟੀ ਹੋਵੇਗੀ, ਇਸ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਇੱਕ ਬੇਹੱਦ ਹਲਕਾ ਜਿਹਾ ਅੰਡਰ ਕਰੰਟ ਮੋਦੀ ਦੇ ਪੱਖ 'ਚ ਦਿਸਦਾ ਤਾਂ ਹੈ, ਪਰ 43-45 ਡਿਗਰੀ ਤਾਪਮਾਨ ਵਿੱਚ ਇਹ ਮ੍ਰਿਗਤ੍ਰਿਸ਼ਨਾ ਹੈ ਜਾਂ ਸੱਚਾਈ-ਕਹਿਣਾ ਮੁਸ਼ਕਲ ਹੈ।

# ਵਿਆਹ ਦੀ ਅਹਿਮ ਰਸਮ ਘੋੜੀ ਚੜ੍ਹਨਾ

ਪ੍ਰੋ. ਬੇਅੰਤ ਸਿੰਘ ਬਾਜਵਾ

ਪੰਜਾਬੀ ਸੱਭਿਆਚਾਰ ਦੀਆਂ ਰਸਮਾਂ ਵਿੱਚ ਵਿਆਹ ਸਮੇਂ ਘੋੜੀ ਚੜ੍ਹਨ ਦੀ ਰਸਮ ਅਹਿਮ ਹੁੰਦੀ ਹੈ। ਸਿਹਰਾਬੰਦੀ ਤੇ ਸੁਰਮਾ ਪਵਾਈ ਦੀ ਰਸਮ ਤੋਂ ਬਾਅਦ ਜੰਞ ਰਵਾਨਾ ਹੋਣ ਲੱਗਦੀ ਹੈ ਤਾਂ ਵਿਆਹ ਵਾਲੇ ਮੁੰਡੇ ਨੂੰ ਘੋੜੀ ਚੜ੍ਹਾਇਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਇਸ ਰਸਮ ਦੀ ਰੂਪ ਰੇਖਾ ਬਿਲਕੁਲ ਬਦਲ ਚੁੱਕੀ ਹੈ। ਅੱਜ ਘੋੜੀ ਦੀ ਥਾਂ 'ਤੇ ਮਹਿੰਗੀਆਂ-ਮਹਿੰਗੀਆਂ ਕਾਰਾਂ 'ਤੇ ਜੰਞ ਜਾਂਦੀ ਹੈ।

ਪੁਰਾਤਨ ਸਮੇਂ ਵਿੱਚ ਘੋੜੀ ਚੜ੍ਹਾਉਣ ਦੀ ਰਸਮ ਨੂੰ ਅਹਿਮ ਮੰਨਿਆ ਜਾਂਦਾ ਸੀ। ਜਿਸ ਦਿਨ ਘੋੜੀ ਚੜ੍ਹਨ ਦੀ ਰਸਮ ਹੁੰਦੀ ਸੀ, ਉਸ ਦਿਨ ਤੜਕੇ ਘੋੜੀ ਨੂੰ ਛੋਲੇ ਅਤੇ ਹੋਰ ਦਾਲਾਂ ਚਾਰੀਆਂ ਜਾਂਦੀਆਂ ਸਨ। ਪਿੰਡ ਵਿੱਚ ਵਿਆਹ ਵਾਲੇ ਦਿਨ ਜੰਞ ਤੁਰਨ ਤੋਂ ਪਹਿਲਾਂ ਘੋੜੀ ਫੇਰਨ ਦਾ ਰਿਵਾਜ ਸੀ। ਘੋੜੀ ਤੋਂ ਉਤਰਨ ਸਮੇਂ ਮੁੰਡਾ ਆਪਣੀ ਭੈਣ ਨੂੰ ਵਾਗ ਫੜਾਈ ਵਜੋਂ ਸ਼ਗਨ ਦਿੰਦਾ ਅਤੇ ਧਾਰਮਿਕ ਅਸਥਾਨ 'ਤੇ ਸੀਸ ਨਿਵਾਉਣ ਤੋਂ ਬਾਅਦ ਲਾੜਾ ਮਾਂ, ਮਾਸੀਆਂ, ਚਾਚੀਆਂ, ਤਾਈਆਂ ਦੇ ਪੈਰੀਂ ਹੱਥ ਲਾ ਕੇ ਅਸੀਸਾਂ ਲੈਂਦਾ ਵਿਆਹੁਣ ਤੁਰ ਪੈਂਦਾ ਸੀ। ਜੰਞ ਚੜ੍ਹਦੇ ਸਮੇਂ ਲਾਗੀਆਂ ਵੱਲੋਂ ਬੂਹੇ ਦੇ ਕੌਲਿਆਂ 'ਤੇ ਤੇਲ ਚੋ ਕੇ ਪਾਣੀ ਦੀ ਭਰੀ ਗੜਵੀ ਅੱਗੇ ਰੱਖ ਕੇ ਕੁੰਭ ਦੀ ਰਸਮ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਵਿਆਂਦੜ ਮੁੰਡੇ ਜਾਂ ਉਸ ਦੇ ਪਰਵਾਰ ਵੱਲੋਂ ਬਣਦਾ ਲਾਗ ਦਿੱਤਾ ਜਾਂਦਾ ਸੀ। ਫਿਰ ਜੰਞ ਨੂੰ ਵਿਦਾ ਕੀਤਾ ਜਾਂਦਾ। ਇਸ ਮੌਕੇ ਭੈਣ ਅਤੇ ਹੋਰ ਰਿਸ਼ਤੇਦਾਰਾਂ ਵੱਲੋਂ ਘੋੜੀਆਂ ਗਾਈਆਂ ਜਾਂਦੀਆਂ ਸਨ, ਜੋ ਸਾਨੂੰ ਅੱਜ ਪੰਜਾਬੀ ਲੋਕਧਾਰਾ ਵਿੱਚ ਪੜ੍ਹਨ ਨੂੰ ਮਿਲਦੀਆਂ ਹਨ:

ਵੇ ਤੂੰ ਕਿਹੜਾ ਵੀਰਾ, ਘੋੜਾ ਭਜਾਈ ਜਾਂਦਾ,<br>
ਨੀਂ ਮੈਂ ਰਾਜਾ ਭੈਣੇ, ਬੰਨੋ ਵਿਆਹਵਣ ਜਾਂਦਾ।<br>
ਵੇ ਤੂੰ ਕਿਹੜਾ ਵੀਰਾ, ਘੋੜਾ ਭਜਾਈ ਜਾਂਦਾ,<br>
ਨੀਂ ਮੈਂ ਰਾਮ ਭੈਣੇ, ਭਾਬੋ ਵਿਆਹਵਣ ਜਾਂਦਾ।

ਇਸੇ ਤਰ੍ਹਾਂ ਹੀ ਇਕ ਹੋਰ ਘੋੜੀ ਗਾਈ ਜਾਂਦੀ ਹੈ:

ਜੁੱਤੀ ਵੇ ਤੇਰੀ ਮੈਂ ਕੱਢੀ ਵੀਰਾ,<br>
ਸੁੱਚੀ ਜ਼ਰੀ ਦੇ ਨਾਲ।<br>
ਖੜੀਆਂ ਦੇਖਣ ਸਾਲੀਆਂ,<br>
ਤੇਰੀ ਲੁਕ-ਲੁਕ ਦੇਖੇ ਨਾਰ।<br>
ਇਕ ਜੀ ਘੋੜੀ ਰਾਵਲੀ,<br>
ਯਮੁਨਾ ਜੀ ਤੋਂ ਆਈ।<br>
ਆਣ ਬੰਨ੍ਹੀ ਬਾਬਲ ਬਾਰ ਮੇਂ,<br>
ਕੁੱਲ ਹੋਈ ਐ ਵਧਾਈ।<br>
ਵਾਗ ਪਕੜ ਵੀਰਨ ਚੜ੍ਹ ਗਿਆ,<br>
ਆਪਣੀ ਚਤੁਰਾਈ।<br>
ਅੱਟਣ ਬਟਣ ਉਹਦੇ ਕੱਪੜੇ,<br>
ਕੇਸਰ ਹੋਈ ਛਿੜਕਾਈ।

ਵਿਆਹ ਵਾਲੇ ਮੁੰਡੇ ਨਾਲ ਬਣੇ ਸਰਬਾਲੇ ਦੀ ਪ੍ਰਸ਼ੰਸਾ ਵਿੱਚ ਵੀ ਗੀਤ ਗਾਏ ਜਾਂਦੇ ਹਨ:

ਵੇਲਾ ਆਇਆ ਸੁਹਾਵਾ,<br>
ਚਾਵਾਂ ਮਲਾਰਾਂ ਵਾਲਾ ਮੇਰੇ ਰਾਮ ਜੀਓ,<br>
ਵੀਰ ਵਿਆਹਵਣ ਚੱਲਿਆ,<br>
ਨਾਲ ਸੋਹੇ ਸਰਬਾਲਾ ਮੇਰੇ ਰਾਮ ਜੀਓ।

ਇਨ੍ਹਾਂ ਸਭ ਰਸਮਾਂ ਤੋਂ ਬਾਅਦ ਜੰਞ ਵਾਜਿਆਂ ਗਾਜਿਆਂ ਨਾਲ ਘਰੋਂ ਰਵਾਨਾ ਹੁੰਦੀ ਸੀ। ਜੰਞ ਵਿੱਚ ਪਿੰਡ ਵਿੱਚੋਂ ਜਾਣ ਵਾਲੀ ਜਾਂਞੀ ਆਪਣੀਆਂ-ਆਪਣੀਆਂ ਘੋੜੀਆਂ ਸ਼ਿੰਗਾਰ ਕੇ ਲੈ ਕੇ ਜਾਂਦੇ। ਜਿਸ ਕੋਲ ਘੋੜੀ ਨਾ ਹੁੰਦੀ ਤਾਂ ਉਹ ਆਪਣੇ ਦੋਸਤ ਮਿੱਤਰ ਦੀ ਘੋੜੀ ਮੰਗ ਕੇ ਲੈ ਕੇ ਜਾਂਦਾ। ਬਹੁਤੇ ਜਾਂਞੀ ਗੱਡਿਆਂ ਉਪਰ ਜੰਞ ਜਾਂਦੇ ਸਨ ਕਿਉਂਕਿ ਪੁਰਾਣੇ ਸਮੇਂ ਵਿੱਚ ਜੰਞ ਕਈ-ਕਈ ਦਿਨ ਕੁੜੀ ਵਾਲਿਆਂ ਦੇ ਘਰ ਰਹਿੰਦੀ ਸੀ, ਪਰ ਅਜੋਕਾ ਸਮਾਂ ਪੁਰਾਤਨ ਸਮੇਂ ਦੇ ਬਿਲਕੁਲ ਉਲਟ ਹੈ।


ਅਜੋਕੇ ਵਿਆਹ ਸਮਾਗਮ ਇਕ ਦਿਨ ਵਿੱਚ ਨਿੱਬੜ ਜਾਂਦੇ ਹਨ। ਅੱਜ ਵਿਆਹਾਂ ਵਿੱਚ ਹਰ ਕੰਮ ਠੇਕੇ 'ਤੇ ਹੋ ਗਿਆ ਹੈ। ਬਹੁਤੇ ਰਿਸ਼ਤੇਦਾਰ ਸ਼ਗਨ ਦੇਣ ਸਮੇਂ ਵਿਆਹ ਸਮਾਗਮ ਵਿੱਚ ਆਉਂਦੇ ਹਨ। ਆਧੁਨਿਕ ਦੌਰ ਨੇ ਸਾਡੀਆਂ ਬਹੁਤੀਆਂ ਰਸਮਾਂ ਲੋਪ ਕਰ ਦਿੱਤੀਅ ਹਨ ਤੇ ਨਾਲ ਹੀ ਰਸਮਾਂ 'ਚੋਂ ਮਿਲਣ ਵਾਲਾ ਆਨੰਦ ਵੀ।


## ਜਰੂਰੀ ਬੇਨਤੀ

### ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

### ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

### ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 24 ਮਈ ਦਿਨ ਸ਼ੁੱਕਰਵਾਰ ਨੂੰ ਅਖੰਡਪਾਠ ਸਾਹਿਬ ਸਵੇਰੇ 10 ਵਜ੍ਹੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

- ਨਵਦੀਪ ਸਿੰਘ ਸੂਚ : 416-881- 8736
- ਧਰਮਿੰਦਰ ਸਿੰਘ ਸੂਸਾਂ : 416-879-6824
- ਪਰਮਜੀਤ ਸਿੰਘ ਸੂਚ : 416-873-7508
- ਸਰਬਜੀਤ ਸਿੰਘ ਸੂਚ : 416-357-7667
- ਗੁਰਮੇਲ ਸਿੰਘ ਸੂਚ : 905-814-0756

## ਸੱਤ ਸਾਲ ਦੇ ਬੱਚੇ ਦੇ ਕਾਤਲ ਨੂੰ ਉਮਰ ਕੈਦ

ਜਲੰਧਰ, 7 ਮਈ (ਪੋਸਟ ਬਿਊਰੋ)- ਸੈਸ਼ਨ ਜੱਜ ਐਸ ਕੇ ਗਰਗ ਦੀ ਅਦਾਲਤ ਨੇ ਨੌਂ ਅਗਸਤ 2016 ਪਿੰਡ ਮਲਕੋਂ ਵਿੱਚ ਸੱਤ ਸਾਲਾ ਬੱਚੇ ਗੋਪੀ ਦਾ ਕਤਲ ਕਰਨ ਵਾਲੇ ਫਗਵਾੜਾ ਦੇ ਪਿੰਡ ਰਿਹਾਣਾ ਜੱਟਾਂ ਦੇ ਇੰਦਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਤੇ 80 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਨਾ ਦੇਣ 'ਤੇ ਤਿੰਨ ਮਹੀਨੇ ਦੀ ਹੋਰ ਕੈਦ ਕੱਟਣੀ ਪਵੇਗੀ। ਬੱਚੇ ਦਾ ਗੁਆਂਢੀ ਮੰਗਤ ਰਾਮ ਤੇ ਉਸ ਦੀ ਪਤਨੀ ਕੁਲਦੀਪ ਕੌਰ ਭਗੌੜੇ ਹਨ।

ਥਾਣਾ ਲਾਂਬੜਾ ਵਿੱਚ ਨੌਂ ਅਗਸਤ 2016 ਨੂੰ ਕਤਲ ਦਾ ਕੇਸ ਦਰਜ ਕੀਤਾ ਗਿਆ ਅਤੇ ਸਾਬਕਾ ਐੱਸ ਐੱਚ ਓ ਪੁਸ਼ਪ ਬਾਲੀ ਨੇ ਕਤਲ ਦੇ ਦੋਸ਼ੀ ਇੰਦਰਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਬੱਚੇ ਦੇ ਪਿਤਾ ਅਸ਼ੋਕ ਕੁਮਾਰ ਨੇ ਦੱਸਿਆ ਸੀ ਕਿ ਉਹ ਪਿੰਡ ਮਲਕੋਂ ਵਿੱਚ ਰਹਿੰਦਾ ਹੈ। ਉਨ੍ਹਾਂ ਦੇ ਗੁਆਂਢ ਵਿੱਚ ਮੰਗਤ ਰਾਮ ਆਪਣੀ ਪਤਨੀ ਨਾਲ ਰਹਿੰਦਾ ਸੀ। ਨੌਂ ਅਗਸਤ 2016 ਨੂੰ ਮੰਗਤ ਰਾਮ ਦੇ ਘਰ ਉਸ ਦਾ ਰਿਸ਼ਤੇਦਾਰ ਇੰਦਰਜੀਤ ਸਿੰਘ ਆਇਆ ਸੀ। ਮੰਗਤ ਅਤੇ ਉਸ ਦੀ ਪਤਨੀ ਕਿਤੇ ਗਏ ਸਨ। ਸ਼ਾਮ ਨੂੰ ਇੰਦਰਜੀਤ ਉਨ੍ਹਾਂ ਦੇ ਘਰ ਆਇਆ ਅਤੇ ਬੋਲਿਆ ਕਿ ਉਹ ਘਰ ਵਿੱਚ ਇਕੱਲਾ ਹੈ ਤਾਂ ਉਹ ਗੋਪੀ ਨੂੰ ਉਸ ਦੇ ਕੋਲ ਭੇਜ ਦੇਣ। ਉਹ ਉਸ ਨੂੰ ਪੜ੍ਹਾ ਦੇਵੇਗਾ ਅਤੇ ਉਸ ਦਾ ਟਾਈਮ ਪਾਸ ਹੋ ਜਾਏਗਾ। ਰਾਤ ਦੇ 11 ਵਜੇ ਤੱਕ ਗੋਪੀ ਵਾਪਸ ਨਹੀਂ ਆਇਆ ਤਾਂ ਘਰ ਤਾਲਾ ਲੱਗਿਆ ਦੇਖ ਕੇ ਉਨ੍ਹਾਂ ਨੇ ਮੰਗਤ ਰਾਮ ਨੂੰ ਫੋਨ ਕੀਤਾ ਤਾਂ ਉਹ ਪਤਨੀ ਸਮੇਤ ਆ ਗਿਆ। ਉਹ ਇਹ ਕਹਿ ਕੇ ਚਲਾ ਗਿਆ ਕਿ ਉਹ ਗੋਪੀ ਦੇ ਬਾਰੇ ਪਤਾ ਕਰ ਕੇ ਆਉਂਦੇ ਹਨ। ਗੋਪੀ ਦੇ ਨਾ ਆਉਣ 'ਤੇ ਪੁਲਸ ਬੁਲਾਈ ਅਤੇ ਦੀਵਾਰ ਟੱਪ ਕੇ ਅੰਦਰ ਗਏ ਤਾਂ ਕਮਰੇ ਵਿੱਚ ਰੱਖੀ ਅਲਮਾਰੀ ਵਿੱਚ ਗੋਪੀ ਦੀ ਲਾਸ਼ ਮਿਲੀ ਸੀ।

# ਲੜਕੀ ਨੂੰ ਗੋਲੀਆਂ ਮਾਰਨ ਤੋਂ ਬਾਅਦ ਨੌਜਵਾਨ ਨੇ ਕੀਤੀ ਖੁਦਕੁਸ਼ੀ

ਜਲੰਧਰ, 7 ਮਈ (ਪੋਸਟ ਬਿਊਰੋ)- ਨਕੋਦਰ ਚੌਕ ਨੇੜੇ ਚੱਲਦੇ ਲਵਲੀ ਆਟੋਜ਼ ਦੀ ਕੰਟੀਨ ਵਿੱਚ ਕੱਲ੍ਹ ਦੁਪਹਿਰ ਇਕ ਨੌਜਵਾਨ ਨੇ ਲੜਕੀ ਨੂੰ ਗੋਲੀਆਂ ਮਾਰਨ ਪਿੱਛੋਂ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਮਨਪ੍ਰੀਤ ਸਿੰਘ ਉਰਫ ਵਿੱਕੀ (26) ਪੁੱਤਰ ਸੰਤੋਖ ਸਿੰਘ ਵਾਸੀ ਮੁਸਤਫਾਪੁਰ, ਕਰਤਾਰਪੁਰ ਵਜੋਂ ਤੇ ਲੜਕੀ ਦੀ ਪਛਾਣ ਸੀਮਾ ਤਿਵਾੜੀ ਉਰਫ ਸਿੰਮੀ (26) ਪੁੱਤਰੀ ਰਾਮ ਚਰਿਤਰ ਵਾਸੀ ਕਮਲ ਵਿਹਾਰ, ਬਸ਼ੀਰਪੁਰਾ ਵਜੋਂ ਹੋਈ ਹੈ। ਪੁਲਸ ਅਧਿਕਾਰੀਆਂ ਨੂੰ ਵਾਰਦਾਤ 'ਚ ਵਰਤਿਆ ਗਿਆ ਰਿਵਾਲਵਰ ਤੇ ਇਕ ਖੁਦਕੁਸ਼ੀ ਨੋਟ ਮਿਲਿਆ ਹੈ, ਜਿਸ ਵਿੱਚ ਮਨਪ੍ਰੀਤ ਨੇ ਸਿੰਮੀ ਅਤੇ ਆਪਣੀ ਮੌਤ ਲਈ ਖੁਦ ਨੂੰ ਜ਼ਿੰਮੇਵਾਰ ਦੱਸਿਆ ਹੈ।





ਲੜਕੇ ਨੂੰ ਗੋਲੀ ਲੱਗਣ ਤੋਂ ਬਾਅਦ ਹਸਪਤਾਲ ਲਿਜਾਂਦੇ ਹੋਏ ਲੋਕ।

ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਮ੍ਰਿਤਕ ਨੇ ਲਿਖਿਆ ਹੈ ਕਿ 'ਮੈਂ ਸਿੰਮੀ ਨੂੰ ਬਹੁਤ ਪਿਆਰ ਕਰਦਾ ਸੀ ਤੇ ਇਹ ਵੀ ਕਰਦੀ ਸੀ, ਪਰ ਇਸ ਨੇ ਮੈਨੂੰ ਕੁਝ ਏਦਾ ਦੇ ਬੋਲ ਬੋਲੇ, ਜਿਨ੍ਹਾਂ ਨੇ ਮੈਨੂੰ ਸੌਣ ਨਹੀਂ ਦਿੱਤਾ, ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ।' ਗੋਲੀਆਂ ਚੱਲਣ ਦਾ ਪਤਾ ਲੱਗਦੇ ਸਾਰ ਕੰਪਨੀ ਦਾ ਸਟਾਫ ਕੰਟੀਨ ਵੱਲ ਭੱਜਿਆ ਤੇ ਉਹ ਸਿੰਮੀ ਨੂੰ ਪਹਿਲਾਂ ਸਿਵਲ ਹਸਪਤਾਲ ਗਏ, ਜਿਥੇ ਉਸ ਦੀ ਹਾਲਤ ਦੇਖ ਕੇ ਡਾਕਟਰਾਂ ਨੇ ਅੱਗੇ ਕਿਸੇ ਹੋਰ ਹਸਪਤਾਲ ਲਿਜਾਣ ਲਈ ਕਿਹਾ ਤਾਂ ਉਸ ਨੂੰ ਕਪੂਰਥਲਾ ਚੌਕ ਨੇੜੇ ਸਤਿਅਮ ਹਸਪਤਾਲ ਲੈ ਗਏ। ਇਸ ਦੇ ਬਾਅਦ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਏ ਡੀ ਸੀ ਪੀ (ਸਿਟੀ-2) ਸ੍ਰੀਮਤੀ ਸੁਡਰ ਵਿਲੀ ਅਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਜਾਂਚ ਕੀਤੀ। ਪੁਲਸ ਦੀ ਮੁੱਢਲੀ ਤਫਤੀਸ਼ ਦੌਰਾਨ ਪਤਾ ਲੱਗਾ ਕਿ ਮਨਪ੍ਰੀਤ ਸਿੰਘ ਪਹਿਲਾਂ ਲਵਲੀ ਆਟੋਜ਼ 'ਤੇ ਕੰਮ ਕਰਦਾ ਸੀ ਅਤੇ ਉਸ ਦੀ ਨੇੜਤਾ ਸਿੰਮੀ ਦੇ ਨਾਲ ਹੋ ਗਈ ਸੀ। ਮਨਪ੍ਰੀਤ ਨੇ ਇਕ ਮਹੀਨਾ ਪਹਿਲਾਂ ਲਵਲੀ ਆਟੋਜ਼ ਛੱਡ ਕੇ ਕਿਸੇ ਹੋਰ ਕੰਪਨੀ 'ਚ ਨੌਕਰੀ ਕਰ ਲਈ ਸੀ। ਕੁਝ ਦਿਨ ਪਹਿਲਾਂ ਉਸ ਦਾ ਸਿੰਮੀ ਨਾਲ ਝਗੜਾ ਹੋਇਆ ਸੀ, ਜਿਸ ਦੌਰਾਨ ਸਿੰਮੀ ਵੱਲੋਂ ਉਸ ਨੂੰ ਕੁਝ ਅਜਿਹਾ ਕਿਹਾ ਗਿਆ, ਜੋ ਮਨਪ੍ਰੀਤ ਨੂੰ ਚੰਗਾ ਨਹੀਂ ਲੱਗਾ। ਇਸ ਲਈ ਕੱਲ੍ਹ ਉਹ ਲਵਲੀ ਆਟੋਜ਼ 'ਤੇ ਆਇਆ ਅਤੇ ਦੋਵੇਂ ਕੰਟੀਨ 'ਚ ਚਲੇ ਗਏ। ਉਥੇ ਫਿਰ ਦੋਵਾਂ 'ਚ ਕੋਈ ਗੱਲਬਾਤ ਹੋਈ ਤੇ ਜਦੋਂ ਗੱਲਬਾਤ ਕਰਕੇ ਸਿੰਮੀ ਕੰਟੀਨ 'ਚੋਂ ਜਾਣ ਲੱਗੀ ਤਾਂ ਮਨਪ੍ਰੀਤ ਨੇ ਉਸ ਦੇ ਦੋ ਗੋਲੀਆਂ ਮਾਰ ਦਿੱਤੀਆਂ।

## ਆਮਦਨ ਟੈਕਸ ਵਿਭਾਗ ਨੇ ਕਾਂਗਰਸੀ ਨੇਤਾ ਦੀ ਕੋਠੀ ਅਟੈਚ ਕੀਤੀ

ਚੰਡੀਗੜ੍ਹ, 7 ਮਈ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਨੇ ਕਾਂਗਰਸ ਨੇਤਾ ਵਿਜੇਪਾਲ ਸਿੰਘ ਉਰਫ ਡਿੰਪੀ ਦੀ ਸੈਕਟਰ ਚਾਲੀ ਦੀ ਕੋਠੀ ਨਬੰਰ 359 ਨੂੰ ਕੱਲ੍ਹ ਅਟੈਚ ਕਰ ਦਿੱਤਾ। ਡਿੰਪੀ ਉਤੇ ਦੋਸ਼ ਹੈ ਕਿ ਉਨ੍ਹਾਂ ਨੇ ਆਮਦਨ ਟੈਕਸ ਵਿਭਾਗ ਕੋਲ 2 ਕਰੋੜ 49 ਲੱਖ ਅੱਠ ਹਜ਼ਾਰ 219 ਰੁਪਏ ਦਾ ਟੈਕਸ ਜਮ੍ਹਾ ਨਹੀਂ ਕਰਾਇਆ। ਕੋਠੀ ਨੂੰ ਅਟੈਚ ਕਰਨ ਤੋਂ ਪਹਿਲਾਂ ਢੋਲ ਵਜਾਇਆ ਤੇ ਅਟੈਚ ਕਰਨ ਦਾ ਨਿਰਦੇਸ਼ ਜ਼ੋਰ-ਜ਼ੋਰ ਨਾਲ ਸੁਣਾਇਆ ਗਿਆ। ਆਮਦਨ ਟੈਕਸ ਵਿਭਾਗ ਦੀ ਟੀਮ ਨੇ ਕੋਠੀ ਅਟੈਚ ਕਰਨ ਦੇ ਨਿਰਦੇਸ਼ ਨੂੰ ਕੋਠੀ ਦੇ ਬਾਹਰ ਗੇਟ 'ਤੇ ਚਿਪਕਾ ਦਿੱਤਾ।

ਸੈਕਟਰ 17 ਵਿੱਚ ਆਮਦਨ ਟੈਕਸ ਵਿਭਾਗ ਦੀ ਟੈਕਸ ਟੀਮ ਨੇ ਦੱਸਿਆ ਕਿ ਕਾਂਗਰਸੀ ਨੇਤਾ ਵਿਜੇਪਾਲ ਸਿੰਘ ਉਰਫ ਡਿੰਪੀ ਨੇ ਸਾਲ 2005 ਤੋਂ 2008 ਤੱਕ ਇਨਕਮ ਰਿਟਰਨ ਦੇ ਹਿਸਾਬ ਬਣਦਾ ਦੋ ਕਰੋੜ 49 ਲੱਖ ਅੱਠ ਹਜ਼ਾਰ 219 ਰੁਪਏ ਟੈਕਸ ਵਾਰ-ਵਾਰ ਨੋਟਿਸ ਦੇਣ ਤੋਂ ਬਾਅਦ ਵੀ ਜਮ੍ਹਾ ਨਹੀਂ ਕਰਵਾਇਆ। ਕੇਸ ਆਮਦਨ ਟੈਕਸ ਵਿਭਾਗ ਦੇ ਟੈਕਸ ਰਿਕਵਰੀ ਅਧਿਕਾਰੀ ਕੋਲ ਪਹੁੰਚਿਆ। ਉਨ੍ਹਾਂ ਵੱਲੋਂ ਨੋਟਿਸ ਕਰ ਕੇ ਟੈਕਸ ਜਮ੍ਹਾ ਕਰਾਉਣ ਨੂੰ ਕਿਹਾ ਗਿਆ। ਟੈਕਸ ਜਮ੍ਹਾ ਨਾ ਕਰਨ 'ਤੇ ਟੈਕਸ ਰਿਕਵਰੀ ਅਫਸਰ-2 ਸ਼ਿਖਾ ਗੁਪਤਾ ਨੇ ਸੈਕਟਰ 40 ਦੀ ਕੋਠੀ ਨੰਬਰ 359 ਨੂੰ ਅਟੈਚ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਇਸ ਦੇ ਬਾਅਦ ਇਸ ਕੋਠੀ ਨੂੰ ਵਿਜੇਪਾਲ ਸਿੰਘ ਨਾ ਵੇਚ ਸਕਦੇ ਹਨ ਅਤੇ ਨਾ ਕਿਸੇ ਤਰ੍ਹਾਂ ਦਾ ਕਰਜ਼ਾ ਲੈ ਸਕਦੇ ਹਨ। ਵਿਜੇਪਾਲ ਸਿੰਘ ਦੇ ਬੇਟੇ ਨੇ ਦੱਸਿਆ ਕਿ ਆਮਦਨ ਟੈਕਸ ਵਿਭਾਗ ਦੀ ਟੀਮ ਨੇ ਟੈਕਸ ਨੂੰ ਲੈ ਕੇ ਉਨ੍ਹਾਂ ਨੂੰ ਕੋਈ ਨੋਟਿਸ ਨਹੀਂ ਦਿੱਤਾ। ਉਹ ਇਸ ਸੰਬੰਧੀ ਆਮਦਨ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਮਿਲਣਗੇ।

## ਫਲਾਈਟ ਵਿੱਚ ਸੀਟ ਹੇਠੋਂ ਸੋਨੇ ਦੀਆਂ ਇੱਟਾਂ ਮਿਲੀਆਂ

ਮੋਹਾਲੀ, 7 ਮਈ (ਪੋਸਟ ਬਿਊਰੋ)- ਇੰਟਰਨੈਸ਼ਨਲ ਏਅਰਪੋਰਟ 'ਤੇ ਲਗਾਤਾਰ ਦੁਬਈ ਤੋਂ ਸੋਨੇ ਦੀ ਸਮੱਗਲਿੰਗ ਹੋ ਰਹੀ ਹੈ, ਪਰ ਹਰ ਵਾਰ ਸਮੱਗਲਰ ਏਅਰਪੋਰਟ ਦੇ ਅੰਦਰੋਂ ਸੋਨਾ ਬਾਹਰ ਕੱਢਣ ਵਿੱਚ ਕਾਮਯਾਬ ਨਹੀਂ ਹੋ ਸਕਦੇ। ਕੱਲ੍ਹ ਸਵੇਰੇ ਦੁਬਈ ਤੋਂ ਚੰਡੀਗੜ੍ਹ ਦੀ ਫਲਾਈਟ ਦੀ ਇੱਕ ਸੀਟ ਦੇ ਹੇਠੋਂ ਤਿੰਨ ਕਿਲੋ ਸੋਨੇ ਦੀਆਂ ਇੱਟਾਂ ਮਿਲੀਆਂ ਹਨ। ਇੱਕ-ਇੱਕ ਇੱਟ ਇੱਕ ਕਿਲੋ ਦੀ ਹੈ। ਇਸ ਦੀ ਕੀਮਤ 97 ਲੱਖ 40 ਹਜ਼ਾਰ ਰੁਪਏ ਦੱਸੀ ਗਈ ਹੈ। ਇਹ ਤਿੰਨੇ ਇੱਟਾਂ ਅਲੱਗ-ਅਲੱਗ ਕਾਲੇ ਰੰਗ ਦੀ ਟੇਪ ਵਿੱਚ ਲਪੇਟੀਆਂ ਹੋਈਆਂ ਸਨ। ਉਕਤ ਫਲਾਈਟ ਦੀ ਇੱਕ ਸੀਟ ਦੇ ਹੇਠਲੇ ਪਾਸੇ ਨਾਲ ਇਨ੍ਹਾਂ ਨੂੰ ਬੰਨ੍ਹਿਆ ਹੋਇਆ ਸੀ। ਇਸ ਮਾਮਲੇ ਵਿੱਚ ਕਸਟਮ ਡਿਪਾਰਟਮੈਂਟ ਨੇ ਕਸਟਮ ਐਕਟ 1962 ਦੇ ਤਹਿਤ ਅਣਪਛਾਤੇ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ ਅਤੇ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਕਸਟਮ ਵਿਭਾਗ ਇਸ ਸੀਟ ਦੀ ਬੁਕਿੰਗ ਦੇ ਬਾਰੇ ਪਤਾ ਕਰ ਰਿਹਾ ਹੈ।

## ਲੁਧਿਆਣਾ ਦੇ ਕਾਰੋਬਾਰੀ ਦੀ ਕੋਠੀ ਤੋਂ ਦੋ ਨੌਕਰ 100 ਤੋਲੇ ਸੋਨਾ, ਦੋ ਲੱਖ ਲੈ ਕੇ ਫਰਾਰ

ਖੰਨਾ, 7 ਮਈ (ਪੋਸਟ ਬਿਊਰੋ)- ਸ਼ਹਿਰ ਦੇ ਅਮਲੋਹ ਰੋਡ ਉਤੇ ਸਨਰਾਈਜ਼ ਪਲਾਈਵੁਡ ਫੈਕਟਰੀ ਦੇ ਮਾਲਕ ਵਿਪਨ ਗਰਗ ਵਾਸੀ ਨਜ਼ਦੀਕ ਦੇਵੀ ਦਵਾਲਾ ਮੰਦਰ ਖੰਨਾ ਦੀ ਕੋਠੀ 'ਚੋਂ ਦੋ ਨੇਪਾਲੀ ਨੌਕਰ 100 ਤੋਲੇ ਸੋਨੇ ਦੇ ਗਹਿਣੇ ਅਤੇ ਦੋ ਲੱਖ ਕੈਸ਼ ਚੋਰੀ ਕਰ ਕੇ ਫਰਾਰ ਹੋ ਗਏ।

ਇਸ ਸੰਬੰਧ ਵਿੱਚ ਵਿਪਨ ਗਰਗ ਨੇ ਦੱਸਿਆ ਕਿ ਉਹ ਆਪਣੇ ਭਤੀਜੇ ਦੇ ਵਿਆਹ ਵਿੱਚ ਪਰਵਾਰ ਸਮੇਤ ਕਸੌਲੀ ਗਏ ਸਨ। ਪਿੱਛੋਂ ਦੋ ਨੇਪਾਲੀ ਨੌਕਰਾਂ ਨੂੰ ਲਾਬੀ ਦੀਆਂ ਚਾਬੀਆਂ ਦੇ ਗਏ ਸਨ।



ਉਨ੍ਹਾਂ ਕੋਲ ਮੰਦਰ ਦੇ ਪੁਜਾਰੀ ਨੂੰ ਛੱਡਿਆ ਗਿਆ ਸੀ। ਜਦ ਉਹ ਵਿਆਹ ਵਿੱਚ ਸਨ ਤਾਂ ਪੁਜਾਰੀ ਨੇ ਫੋਨ ਕੀਤਾ ਕਿ ਉਨ੍ਹਾਂ ਨੂੰ ਦੁੱਧ ਵਿੱਚ ਕੋਈ ਨਸ਼ੀਲੀ ਚੀਜ਼ ਦੇ ਕੇ ਬੇਹੋਸ਼ ਕਰਨ ਦੇ ਬਾਅਦ ਨੌਕਰ ਲਾਬੀ ਵਿੱਚੋਂ ਗਹਿਣੇ ਅਤੇ ਕੈਸ਼ ਚੋਰੀ ਕਰ ਕੇ ਲੈ ਗਏ ਹਨ। ਜਦ ਉਨ੍ਹਾਂ ਨੇ ਘਰ ਆ ਕੇ ਦੇਖਿਆ ਤਾਂ ਲਾਬੀ ਵਿੱਚ ਭੰਨਤੋੜ ਕੀਤੀ ਹੋਈ ਸੀ। ਫਿਰ ਪੁਲਸ ਨੂੰ ਬੁਲਾਇਆ ਗਿਆ। ਚੋਰੀ ਕਰ ਕੇ ਭੱਜੇ ਨੌਕਰਾਂ ਵਿੱਚੋਂ ਇੱਕ ਸੱਤ ਮਹੀਨੇ ਤਾਂ ਦੂਸਰਾ ਡੇਢ ਮਹੀਨਾ ਪਹਿਲਾਂ ਵਿਪਨ ਗਰਗ ਕੋਲ ਨੌਕਰੀ ਕਰਨ ਆਇਆ ਸੀ। ਮੰਦਰ ਦਾ ਪੁਜਾਰੀ ਵੀ ਨੇਪਾਲ ਨਾਲ ਸੰਬੰਧਤ ਹੋਣ ਦੇ ਕਾਰਨ ਪੁਲਸ ਦੇ ਸ਼ੱਕ ਦੀ ਸੂਈ ਉਸ ਦੇ ਦੁਆਲੇ ਘੁੰਮ ਰਹੀ ਹੈ। ਪੁਲਸ ਦੀ ਇੱਕ ਟੀਮ ਦੋਸ਼ੀਆਂ ਨੂੰ ਫੜਨ ਦੇ ਲਈ ਨੇਪਾਲ ਵੀ ਰਵਾਨਾ ਹੋ ਗਈ ਹੈ।

## ਮੈਂ ਬਾਲਾਕੋਟ ਅਤੇ ਭਾਰਤ ਪਾਕਿ ਸਬੰਧਾਂ ਬਾਰੇ ਖਾਸ ਨਹੀਂ ਜਾਣਦਾ: ਸੰਨੀ ਦਿਓਲ

ਨਵੀਂ ਦਿੱਲੀ, 7 ਮਈ (ਪੋਸਟ ਬਿਊਰੋ)- ਸੰਨੀ ਦਿਓਲ ਨੇ ਫ਼ਿਲਮਾਂ ਵਿਚ ਪਾਕਿਸਤਾਨ ਦੇ ਵਿਰੁੱਧ ਬੜਾ ਕੁਝ ਬੋਲਿਆ ਹੈ, ਪਰ ਅਸਲ ਜ਼ਿੰਦਗੀ ਵਿਚ ਉਸ ਨੇ ਹਮੇਸ਼ਾ ਸੂਝ ਤੋਂ ਕੰਮ ਲਿਆ ਹੈ। ਉਸ ਦਾ ਕਹਿਣਾ ਹੈ ਕਿ ਫ਼ਿਲਮੀ ਜ਼ਿੰਦਗੀ ਦੇ ਮਾਮਲੇ ਹੋਰ ਹੁੰਦੇ ਹਨ, ਅਸਲ ਜ਼ਿੰਦਗੀ ਦੇ ਹੋਰ। ਫ਼ਿਲਮਾਂ ਅਤੇ ਅਸਲ ਜ਼ਿੰਦਗੀ ਵਿਚ ਬਹੁਤ ਫਰਕ ਹੁੰਦਾ ਹੈ। ਜ਼ਿੰਦਗੀ ਦੀ ਤੁਲਨਾ ਫ਼ਿਲਮਾਂ ਨਾਲ ਨਹੀਂ ਕੀਤੀ ਜਾ ਸਕਦੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਉਸ ਨੇ ਕਿਹਾ ਕਿ ਉਨ੍ਹਾਂ ਪਿਛਲੇ ਪੰਜ ਸਾਲਾਂ ਵਿਚ ਬਹੁਤ ਸਾਰੇ ਕੰਮ ਕੀਤੇ ਹਨ, ਅੱਗੇ ਵੀ ਇਸੇ ਤਰ੍ਹਾਂ ਚੰਗੇ ਕੰਮ ਕਰਦੇ ਰਹਿਣ ਤਾਂ ਦੇਸ਼ ਤਰੱਕੀ ਕਰੇਗਾ। ਸਿਆਸੀ ਆਗੂ ਦਾ ਇਹੀ ਕੰਮ ਹੁੰਦਾ ਹੈ ਕਿ ਉਹ ਦੇਸ਼ ਨੂੰ ਤਰੱਕੀ ਦੇ ਰਾਹ 'ਤੇ ਲੈ ਕੇ ਜਾਵੇ।

ਇਹੀ ਨਹੀਂ, ਸੰਨੀ ਦਿਓਲ ਨੇ ਕਿਹਾ ਕਿ ਮੈਨੂੰ ਬਾਲਾਕੋਟ ਹਮਲਿਆਂ ਜਾਂ ਪਾਕਿਸਤਾਨ ਨਾਲ ਭਾਰਤ ਦੇ ਸਬੰਧਾਂ ਦੇ ਮੁੱਦਿਆਂ ਦਾ ਬਹੁਤਾ ਪਤਾ ਨਹੀਂ। ਮੈਂ ਲੋਕਾਂ ਦੀ ਸੇਵਾ ਕਰਨਾ ਚਾਹੁੰਦਾ ਹਾਂ। ਭਾਜਪਾ ਵੱਲੋਂ ਗੁਰਦਾਸਪੁਰ ਤੋਂ



ਉਮੀਦਵਾਰ ਸੰਨੀ ਦਿਓਲ ਨੇ ਸੋਮਵਾਰ ਲਗਾਤਾਰ ਤਿੰਨ-ਚਾਰ ਰੋਡ ਸ਼ੋਅ ਕੀਤੇ। ਉਸ ਦਾ ਕਹਿਣਾ ਹੈ ਕਿ ਜੇ ਮੈਂ ਜਿੱਤਿਆ ਤਾਂ ਮੈਂ ਅਪਣੇ ਦੇਸ਼ ਲਈ ਕੰਮ ਕਰਨਾ ਚਾਹੁੰਦਾ ਹਾਂ। ਲੋਕਾਂ ਦਾ ਮੰਨਣਾ ਹੈ ਕਿ ਸਿਆਸੀ ਆਗੂ ਕਦੇ ਕੋਈ ਕੰਮ ਨਹੀਂ ਕਰਦੇ। ਉਹ ਲੋਕਾਂ ਦੀ ਅਪੀਲ ਨਹੀਂ ਸੁਣਦੇ। ਮੈਂ ਇਸ ਲਈ ਰਾਜਨੀਤੀ ਵਿਚ ਆਇਆ ਹਾਂ ਕਿ ਲੋਕਾਂ ਦੀ ਸੇਵਾ ਕਰ ਸਕਾ। ਜੇ ਤੁਹਾਡੇ ਸਿਧਾਂਤ ਚੰਗੇ ਹਨ ਤਾਂ ਹਰ ਚੀਜ਼ ਹਾਸਲ ਕੀਤੀ ਜਾ ਸਕਦੀ ਹੈ। ਮੈਂ ਲੋਕਾਂ ਨਾਲ ਜੁੜਨ ਲਈ ਰਾਜਨੀਤੀ ਵਿਚ ਆਇਆ ਹਾਂ। ਮੇਰੇ ਪਿਤਾ ਵਾਜਪਾਈ ਨਾਲ ਜੁੜੇ ਰਹੇ, ਮੈਂ ਮੋਦੀ ਜੀ ਨੂੰ ਚੁਣਿਆ ਹੈ।

## ਛੇ ਸਾਲ ਬਾਅਦ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ

ਲੁਧਿਆਣਾ, 7 ਮਈ (ਪੋਸਟ ਬਿਊਰੋ)- ਫੇਕ ਕਾਲ ਦੇ ਜ਼ਰੀਏ 2013 ਵਿੱਚ ਧੋਖਾਧੜੀ ਦਾ ਸ਼ਿਕਾਰ ਹੋਏ ਵਿਅਕਤੀ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰਨ ਲਈ ਜ਼ਿਲਾ ਪੁਲਸ ਨੂੰ ਛੇ ਸਾਲ ਦਾ ਸਮਾਂ ਲੱਗ ਗਿਆ। ਪੀੜਤ ਵੱਲੋਂ 2013 ਵਿੱਚ ਕੀਤੀ ਗਈ ਸ਼ਿਕਾਇਤ ਦਾ ਕੇਸ 2019 ਵਿੱਚ ਦਰਜ ਹੋਇਆ। ਪੀੜਤ ਦਾ ਦੋਸ਼ ਹੈ ਕਿ ਪੁਲਸ ਨੇ ਉਸ ਨੂੰ ਕਾਫੀ ਦੇਰ ਗੁੰਮਰਾਹ ਕੀਤਾ, ਪਰ ਉਹ ਫਿਰ ਵੀ ਲੜਾਈ ਲੜਦਾ ਰਿਹਾ।

ਥਾਣਾ ਜਮਾਲਪੁਰ ਦੀ ਪੁਲਸ ਨੇ ਮੁੰਡੀਆਂ ਕਲਾਂ ਦੇ ਜੀ ਕੇ ਸਟੇਟ ਨਿਵਾਸੀ ਹਾਕਮ ਸਿੰਘ ਦੀ ਸ਼ਿਕਾਇਤ 'ਤੇ ਐਮ ਡੀ ਸਕਿਲ ਤੇ ਅਣਪਛਾਤੇ ਵਿਅਕਤੀ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਹਾਕਮ ਸਿੰਘ ਨੇ ਦੱਸਿਆ ਕਿ ਅਪ੍ਰੈਲ 2013 ਵਿੱਚ ਆਈ ਪੀ ਐਲ ਦੇ ਟੂਰਨਾਮੈਂਟ ਚੱਲ ਰਹੇ ਸਨ। ਇਸ ਦੌਰਾਨ ਉਸ ਦੀ ਪਤਨੀ ਦੇ ਫੋਨ 'ਤੇ ਕਿਸੇ ਨੇ ਫੋਨ ਕਰਕੇ ਕਿਹਾ ਕਿ ਆਈ ਪੀ ਐਲ ਵੱਲੋਂ ਉਨ੍ਹਾਂ ਦਾ ਡਰਾਅ ਨਿਕਲਿਆ ਹੈ। ਉਹ ਬੀ ਐਮ ਡਬਲਯੂ ਕਾਰ ਲੈ ਲੈਣ ਜਾਂ ਫਿਰ 25 ਲੱਖ ਰੁਪਏ। ਦੋਸ਼ੀ ਨੇ ਆਪਣਾ ਖਾਤਾ ਨੰਬਰ ਦਿੱਤਾ ਅਤੇ ਕਿਹਾ ਕਿ ਜੇ ਉਹ ਇਨਾਮ ਲੈਣਾ ਚਾਹੁੰਦੇ ਹਨ ਤਾਂ ਇਸ ਖਾਤੇ ਵਿੱਚ 18500 ਰੁਪਏ ਜਮ੍ਹਾ ਕਰਵਾ ਦੇਣ। ਇਸ 'ਤੇ ਉਸ ਨੇ ਅਤੇ ਉਸ ਦੀ ਪਤਨੀ ਨੇ ਪੈਸੇ ਜਮ੍ਹਾ ਕਰਾ ਦਿੱਤੇ। ਕੁਝ ਦਿਨ ਬਾਅਦ ਫੋਨ ਆਇਆ ਕਿ ਉਨ੍ਹਾਂ ਦੀ ਗੱਡੀ ਭੇਜਣੀ ਹੈ, ਉਹ ਉਸੇ ਖਾਤੇ ਵਿੱਚ 32550 ਰੁਪਏ ਅਤੇ ਜਮ੍ਹਾ ਕਰਵਾ ਦੇਣ। ਉਨ੍ਹਾਂ ਨੇ ਉਹ ਪੈਸੇ ਵੀ ਜਮ੍ਹਾ ਕਰਾ ਦਿੱਤੇ। ਕੁਝ ਦਿਨ ਤੱਕ ਇਨਾਮ ਨਾ ਪਹੁੰਚਣ 'ਤੇ ਵਿਅਕਤੀ ਨੇ ਫਿਰ ਫੋਨ ਕਰਕੇ ਕਿਹਾ ਕਿ ਉਹ 70 ਹਜ਼ਾਰ ਰੁਪਏ ਅਤੇ ਜਮ੍ਹਾ ਕਰਵਾਏ। ਉਹ ਸਮਝ ਗਿਆ ਕਿ ਉਨ੍ਹਾਂ ਨਾਲ ਠੱਗੀ ਹੋ ਚੁੱਕੀ ਹੈ। ਇਸ ਦੇ ਬਾਅਦ ਉਸ ਦੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਹਾਕਮ ਸਿੰਘ ਨੇ ਦੱਸਿਆ ਕਿ ਪੁਲਸ ਮੁਲਾਜ਼ਮ ਕਦੇ ਉਸ ਥਾਣਾ ਜਮਾਲਪੁਰ, ਕਦੇ ਕਿਹੜੇ ਕੌਣ ਤੇ ਕਦੇ ਕਿਹੜੇ ਥਾਣੇ ਦੇ ਚੱਕਰ ਕਟਾਉਂਦੇ ਰਹੇ, ਤਾਂ ਕਿ ਥੱਕ ਕੇ ਘਰ ਬੈਠ ਜਾਣ, ਪਰ ਉਸ ਨੇ ਹਿੰਮਤ ਨਹੀਂ ਹਾਰੀ ਤੇ ਇਨਸਾਫ ਲਈ ਹਰ ਜਗ੍ਹਾ ਜਾਂਦਾ ਰਿਹਾ। ਛੇ ਸਾਲ ਦੀ ਸਖਤ ਮਿਹਨਤ ਪਿੱਛੋਂ ਆਖਰ ਪੁਲਸ ਨੇ ਮਾਮਲਾ ਦਰਜ ਕਰ ਲਿਆ।

## ਨਵਜੋਤ ਸਿੰਘ ਸਿੱਧੂ 16 ਤੱਕ ਪੰਜਾਬ ਵਿੱਚ ਪ੍ਰਚਾਰ ਨਹੀਂ ਕਰਨਗੇ

ਚੰਡੀਗੜ੍ਹ, 7 ਮਈ (ਪੋਸਟ ਬਿਊਰੋ)- ਕਾਂਗਰਸ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਆਪਣੇ ਹੀ ਸੂਬੇ 'ਚ 16 ਮਈ ਤੱਕ ਕੋਈ ਵੱਡੀ ਰੈਲੀ ਨਹੀਂ ਕਰਨਗੇ। ਚੋਣ ਪ੍ਰਚਾਰ ਦਾ ਆਖਰੀ ਦਿਨ 17 ਮਈ ਹੈ। ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਜਿਸ ਢੰਗ ਨਾਲ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਕਹਿ ਕੇ ਨਿਸ਼ਾਨਾ ਬਣਾਇਆ ਹੈ ਕਿ ਦੋਵੇਂ ਸੀਨੀਅਰ ਆਗੂ ਹਨ ਤੇ ਉਨ੍ਹਾਂ ਨੇ ਖੁਦ ਕਿਹਾ ਕਿ ਉਹ ਮਿਸ਼ਨ-13 ਪੂਰਾ ਕਰਨਗੇ, ਉਨ੍ਹਾਂ ਨੂੰ ਜੋ ਰੋਸਟਰ ਅਹਿਮਦ ਪਟੇਲ ਤੇ ਪ੍ਰਿਅੰਕਾ ਗਾਂਧੀ ਦੇ ਦਫਤਰ ਵੱਲੋਂ ਦਿੱਤਾ ਗਿਆ ਹੈ, ਉਸ ਵਿੱਚ ਪੰਜਾਬ 'ਚ ਕੋਈ ਰੈਲੀ ਨਹੀਂ ਹੈ, ਉਸ ਤੋਂ ਕਈ ਹੋਰ ਸ਼ੰਕੇ ਪੈਦਾ ਹੋਏ ਹਨ। ਕੀ ਸਿੱਧੂ ਨੂੰ ਜਾਣਬੁੱਝ ਕੇ ਪੰਜਾਬ ਤੋਂ ਦੂਰ ਰੱਖਿਆ ਗਿਆ ਹੈ? ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਕਮਲ ਸ਼ਰਮਾ ਦਾ ਕਹਿਣਾ ਹੈ ਕਿ ਗੁਰਦਾਸਪੁਰ ਦੀ ਹਰ ਵਿਧਾਨ ਸਭਾ ਹਲਕੇ ਤੋਂ ਜਿਸ ਤਰ੍ਹਾਂ ਦਾ ਭਾਜਪਾ ਨੂੰ ਹੁੰਗਾਰਾ ਮਿਲ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਭਾਜਪਾ ਵੱਡੀ ਲੀਡ ਨਾਲ ਜਿੱਤ ਹਾਸਲ ਕਰੇਗੀ। ਸੰਨੀ ਦਿਓਲ ਦੇ ਸਟਾਰਡਮ ਦੇ ਮੁਕਾਬਲੇ ਲਈ ਪਾਰਟੀ ਕੋਲ ਨਵਜੋਤ ਸਿੰਘ ਸਿੱਧੂ ਵਰਗਾ ਸਟਾਰ ਪ੍ਰਚਾਰਕ ਹੋਣ ਦੇ ਬਾਵਜੂਦ ਉਨ੍ਹਾਂ ਤੋਂ ਇਕ ਵੀ ਰੈਲੀ ਨਹੀਂ ਕਰਵਾਈ ਗਈ। ਸਿੱਧੂ ਨੇ ਪਿਛਲੇ ਦਿਨੀਂ ਚੰਡੀਗੜ੍ਹ 'ਚ ਪਵਨ ਬਾਂਸਲ ਲਈ ਰੈਲੀ ਕੀਤੀ ਸੀ।

ਮੂੰਹੋ ਬੋਲਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops





We Specialize In:

100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com



RE/MAX GOLD REALTY INC. BROKERAGE

KAMAL SANDHU
Sales Representative
647.891.0143
Off: 905.456.1010



# ਕਾਂਗਰਸ ਨੇ ਭਾਜਪਾ ਸਰਕਾਰ ਉੱਤੇ ਜਾਸੂਸੀ ਦਾ ਦੋਸ਼ ਲਾਇਆ

ਸ਼ਿਮਲਾ, 7 ਮਈ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਕਾਂਗਰਸ ਨੇ ਬੀਤੇ ਦਿਨੀਂ ਜੈਰਾਮ ਠਾਕੁਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ 'ਤੇ ਉਨ੍ਹਾਂ ਦੇ ਸੂਬਾ ਪ੍ਰਧਾਨ ਤੇ ਹੋਰ ਆਗੂਆਂ ਦੀ ਜਾਸੂਸੀ ਕਰਨ ਦਾ ਦੋਸ਼ ਲਾਇਆ ਹੈ।

ਸੂਬਾ ਕਾਂਗਰਸ ਦੇ ਬੁਲਾਰੇ ਨਰਿੰਦਰ ਕੰਵਰ ਨੇ ਦੋਸ਼ ਲਾਇਆ ਕਿ ਹਿਮਾਚਲ ਪ੍ਰਦੇਸ਼ ਸੀ ਆਈ ਡੀ ਦੇ ਅਧਿਕਾਰੀ ਹੀਰਾ ਸਿੰਘ ਠਾਕਰੁ ਉਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਕੁਲਦੀਪ ਸਿੰਘ ਰਾਠੌੜ ਅਤੇ ਕਾਂਗਰਸ ਪਾਰਟੀ ਦੇ ਚਾਰ ਹੋਰ ਲੋਕ ਸਭਾ ਉਮੀਦਵਾਰਾਂ 'ਤੇ ਨਜ਼ਰ ਰੱਖ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਠਾਕੁਰ ਸ਼ਿਮਲਾ ਜ਼ਿਲ੍ਹੇ ਦੇ ਥਿਊਗ ਵਿੱਚ ਰਾਠੌੜ ਦੀ ਚੋਣ ਰੈਲੀ ਵਿੱਚ ਜਾਸੂਸੀ ਕਰਦੇ ਦੇਖੇ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ



ਕਾਂਗਰਸੀ ਵਰਕਰਾਂ ਨੂੰ ਕਿਹਾ ਕਿ ਉਹ ਪਿਛਲੇ ਕੁਝ ਸਮੇਂ ਤੋਂ ਆਪਣੇ ਸੀਨੀਅਰਾਂ ਨੂੰ ਰਾਠੌੜ ਬਾਰੇ ਜਾਣਕਾਰੀ ਦੇ ਰਹੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਕੋਲ ਇੱਕ ਅਜਿਹਾ ਵੀਡੀਓ ਹੈ, ਜਿਸ ਵਿੱਚ ਠਾਕੁਰ ਇਸ ਗੱਲ ਨੂੰ ਮੰਨਦੇ ਹਨ। ਕੰਵਰ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਕੁਝ ਭਾਜਪਾ ਵਿਧਾਇਕਾਂ ਦੀ ਵੀ ਜਾਸੂਸੀ ਕਰ ਰਹੇ ਹਨ, ਜੋ ਕਾਂਗਰਸੀ ਆਗੂਆਂ ਦੇ ਸੰਪਰਕ ਵਿੱਚ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਫੋਨ ਟੈਪ ਕੀਤੇ ਜਾ ਰਹੇ ਹਨ।

# ਮੁਜ਼ੱਫਰਪੁਰ ਆਸਰਾ ਘਰ ਬਾਰੇ ਰਿਪੋਰਟ ਸੀ ਬੀ ਆਈ ਤਿੰਨ ਜੂਨ ਤੱਕ ਪੇਸ਼ ਕਰੇ: ਸੁਪਰੀਮ ਕੋਰਟ

ਨਵੀਂ ਦਿੱਲੀ, 7 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕੇਂਦਰੀ ਜਾਂਚ ਬਿਊਰੀ (ਸੀ ਬੀ ਆਈ) ਨੂੰ ਹੁਕਮ ਦਿੱਤਾ ਹੈ ਕਿ ਬਿਹਾਰ ਦੇ ਮੁਜ਼ੱਫਰਪੁਰ ਆਸਰਾ ਘਰ ਵਿੱਚ 11 ਲੜਕੀਆਂ ਦੇ ਕਤਲ ਦੇ ਕੇਸ ਦੀ ਜਾਂਚ ਵਾਸਤੇ ਸਥਿਤੀ ਰਿਪੋਰਟ ਤਿੰਨ ਜੂਨ ਤੱਕ ਪੇਸ਼ ਕਰੇ। ਚੀਫ ਜਸਟਿਸ ਰੰਜਨ ਗੋਗੋਈ ਅਤੇ ਦੀਪਕ ਗੁਪਤਾ ਦੀ ਬੈਂਚ ਨੇ ਕਿਹਾ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਤਿੰਨ ਜੂਨ ਸੁਣਵਾਈ ਕਰੇਗੀ।

ਸੀ ਬੀ ਆਈ ਵੱਲੋਂ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਬੈਂਚ ਨੂੰ ਕਿਹਾ ਕਿ ਮੁਜ਼ੱਫਰਪੁਰ ਆਸਰਾ ਘਰ ਵਿੱਚ 11 ਲੜਕੀਆਂ ਦਾ ਕਤਲ ਕਰ ਦਿੱਤਾ ਗਿਆ ਅਤੇ ਅਜਿਹੇ ਹੀ ਇੱਕ ਮਾਮਲੇ ਵਿੱਚ ਕੇਂਦਰੀ ਜਾਂਚ



ਬਿਊਰੋ ਨੇ ਉਸ ਜਗ੍ਹਾ ਤੋਂ ਹੱਡੀਆਂ ਮਿਲੀਆਂ ਹਨ, ਜਿੱਥੇ ਉਨ੍ਹਾਂ ਨੂੰ ਦਫਨਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਜਾਂਚ ਬਿਊਰੋ ਲਈ 11 ਲੜਕੀਆਂ ਦੇ ਕਤਲ ਕੇਸ ਦੀ ਜਾਂਚ ਤਿੰਨ ਜੂਨ ਤੱਕ ਪੂਰੀ ਕਰਨਾ ਸੰਭਵ ਨਹੀਂ ਹੋਵੇਗਾ। ਇੱਕ ਸਨਸਨੀਖੇਜ਼ ਖੁਲਾਸਾ ਕਰਦੇ ਹੋਏ ਸੀ ਬੀ ਆਈ ਨੇ ਤਿੰਨ ਮਈ ਨੂੰ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਦੋਸ਼ੀ ਬ੍ਰਿਜੇਸ਼ ਠਾਕੁਰ ਅਤੇ ਉਸ ਦੇ ਸਾਥੀਆਂ ਨੇ 11 ਲੜਕੀਆਂ ਦਾ ਕਤਲ ਕਰ ਦਿੱਤਾ ਅਤੇ ਉਸ ਜਗ੍ਹਾ ਤੋਂ ਹੱਡੀਆਂ ਦੀ ਪੋਟਲੀ ਮਿਲੀ ਹੈ, ਜਿੱਥੇ ਉਨ੍ਹਾਂ ਨੂੰ ਦਫਨਾਇਆ ਗਿਆ ਸੀ। ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਦੀ ਰਿਪੋਰਟ ਰਾਜ ਸਰਕਾਰ ਨੂੰ ਸੌਂਪੇ ਜਾਣ ਪਿੱਛੋਂ ਇੱਕ ਗੈਰ-ਸਰਕਾਰੀ ਸੰਗਠਨ ਵੱਲੋਂ ਸੰਚਾਲਤ ਮੁਜ਼ੱਫਰਪੁਰ ਸ਼ੈਲਟਰ ਹੋਮ 'ਚ ਲੜਕੀਆਂ ਦੇ ਯੌਨ ਸ਼ੋਸ਼ਣ ਅਤੇ ਉਨ੍ਹਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਇਸ ਦੀ ਜਾਂਚ ਸ਼ੁਰੂ 'ਚ ਸੂਬਾ ਪੁਲਸ ਕਰ ਰਹੀ ਸੀ, ਪਰ ਬਾਅਦ ਵਿੱਚ ਇਸ ਨੂੰ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਸੌਂਪ ਦਿੱਤੀ ਗਈ ਸੀ। ਜਾਂਚ ਬਿਊਰੋ ਨੇ ਬ੍ਰਿਜੇਸ਼ ਠਾਕੁਰ ਸਮੇਤ 11 ਦੋਸ਼ੀਆਂ ਵਿਰੁੱਧ ਕੋਰਟ ਵਿੱਚ ਦੋਸ਼ ਪੱਤਰ ਦਾਖਲ ਕੀਤਾ ਹੈ।

# ਸੱਟਾ ਬਾਜ਼ਾਰ ਵਿੱਚ ਐੱਨ ਡੀ ਏ ਡਿੱਗਣ ਅਤੇ ਕਾਂਗਰਸ ਦੀ ਬੜ੍ਹਤ ਹੋਣ ਲੱਗ ਪਈ

ਨੋਇਡਾ, 7 ਮਈ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਵਿੱਚ ਪੰਜਵੇਂ ਪੜਾਅ ਦੀ ਵੋਟਿੰਗ ਖਤਮ ਹੋਣ ਪਿੱਛੋਂ ਸੱਟਾ ਬਾਜ਼ਾਰ ਵਿੱਚ ਇੱਕ ਵਾਰ ਫਿਰ ਫੇਰਬਦਲ ਹੋਇਆ ਹੈ। ਇਸ ਦੌਰਾਨ ਸੱਟਾ ਬਾਜ਼ਾਰ ਤੋਂ ਭਾਜਪਾ ਲਈ ਚੰਗੀ ਖਬਰ ਨਹੀਂ ਹੈ। ਜਿੱਥੇ ਪਹਿਲੇ ਪੜਾਅ ਦੀ ਵੋਟਿੰਗ ਤੋਂ ਪਹਿਲਾਂ ਬਾਜ਼ਾਰ ਖੁੱਲ੍ਹਦੇ ਸਾਰ ਐੱਨ ਡੀ ਏ ਨੂੰ ਮਨਪਸੰਦ ਕਰਾਰ ਦਿੱਤਾ ਸੀ, ਇਸ ਬਾਰੀ ਇਸ ਪਛੇਤ ਦਰਜ ਕੀਤੀ ਜਾਣ ਲੱਗ ਪਈ। ਬਾਜ਼ਾਰ ਦੇ ਮੁਤਾਬਕ ਐੱਨ ਡੀ ਏ ਗੱਠਜੋੜ ਅਜੇ ਵੀ ਸਰਕਾਰ ਬਣਾ ਸਕਦਾ ਹੈ, ਪਰ ਪਹਿਲਾਂ ਦਿੱਤੀਆਂ ਜਾ ਰਹੀਆਂ 300 ਸੀਟਾਂ ਦੀ ਜਗ੍ਹਾ ਇਸ ਵੇਲੇ ਸਟੋਰੀਆਂ ਦੀ ਰਾਏ ਵਿੱਚ ਬੀ ਜੇ ਪੀ ਆਪਣੀਆਂ ਸਾਰੀਆਂ ਗਠਜੋੜ ਪਾਰਟੀਆਂ ਨਾਲ ਸਿਰਫ 260 ਸੀਟਾਂ 'ਤੇ ਰਹਿ ਜਾਵੇਗੀ। ਦੂਸਰੇ ਪਾਸੇ ਕਾਂਗਰਸ ਦੇ ਭਾਅ ਉਥੇ ਦੇ ਉਥੇ ਅਤੇ ਖੇਤਰੀ ਪਾਰਟੀਆਂ ਦੇ ਭਾਅ ਪਹਿਲਾਂ ਤੋਂ ਵਧ ਗਏ ਹਨ। ਖੇਤਰੀ ਪਾਰਟੀਆਂ ਦੇ ਭਾਅ ਖਾਸ ਤੌਰ ਉੱਤੇ ਯੂ ਪੀ ਵਿੱਚ ਸਪਾ-ਬਸਪਾ ਗਠਜੋੜ ਦੇ ਲਈ ਸਟੋਰੀਆਂ ਦੇ ਮਨਪਸੰਦ ਹਨ। ਪੱਛਮੀ ਬੰਗਾਲ ਵਿੱਚ ਹਰ ਪੜਾਅ ਵਿੱਚ ਹੋ ਰਹੀ ਬੰਪਰ ਵੋਟਿੰਗ ਕਾਰਨ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਵਿਚਕਾਰ ਬਰਾਬਰੀ ਦਾ



ਮੁਕਾਬਲਾ ਮੰਨਿਆ ਜਾ ਰਿਹਾ ਹੈ। ਇਸ ਨੂੰ ਲੈ ਕੇ ਹਰ ਦਿਨ ਸਟੋਰੀਆਂ ਦੇ ਭਾਅ ਬਦਲਦੇ ਰਹਿੰਦੇ ਹਨ। ਦੇਸ਼ ਦੇ ਪ੍ਰਮੁੱਖ ਸੱਟਾ ਬਾਜ਼ਾਰ ਰਾਜਸਥਾਨ, ਗੁਜਰਾਤ, ਮੁੰਬਈ, ਕੋਲਕਾਤਾ ਅਤੇ ਦਿੱਲੀ, ਚੰਡੀਗੜ੍ਹ ਤੋਂ ਇਲਾਵਾ ਯੂ ਪੀ ਏ ਦੇ ਸਟੋਰੀਆਂ ਨੇ ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਨਾਲ ਬੀ ਜੇ ਪੀ ਨੂੰ 250 ਤੋਂ ਵੱਧ ਅਤੇ ਐਨ ਡੀ ਏ ਗੱਠਜੋੜ ਦੇ ਲਈ 300-310 ਸੀਟਾਂ ਮਿਲਣ ਦਾ ਦਾਅਵਾ ਕਰ ਕੇ ਬਾਜ਼ਾਰ ਦਾ ਭਾਅ ਖੋਲ੍ਹਿਆ ਸੀ। ਪਹਿਲੇ ਪੜਾਅ ਤੋਂ ਬਾਅਦ ਸੱਟਾ ਬਾਜ਼ਾਰ ਵਿੱਚ ਬੀ ਜੇ ਪੀ ਮਨਪਸੰਦ ਪਾਰਟੀ ਸੀ, ਪਰ ਇਸ ਦੇ ਭਾਅ ਵਿੱਚ ਹਲਕਾ ਉਤਰਾ-ਚੜ੍ਹਾਅ ਆਇਆ ਤੇ ਜਿਸ ਤਰ੍ਹਾਂ ਲੋਕ ਸਭਾ ਦੇ ਪੜਾਅ ਅੱਗੇ ਵਧਦੇ ਗਏ, ਬੀ ਜੇ ਪੀ ਦੇ ਭਾਅ ਵਿੱਚ ਫਰਕ ਪੈਣਾ ਸ਼ੁਰੂ ਹੋ ਗਿਆ। ਪਹਿਲਾਂ ਬੀ ਜੇ ਪੀ ਨੂੰ 250 ਤੋਂ ਵੱਧ ਸੀਟਾਂ ਮਿਲਣ ਦਾ ਦਾਅਵਾ ਕੀਤਾ, ਪੰਜਵੇਂ ਪੜਾਅ ਦੇ ਬਾਅਦ 190 ਤੋਂ 230 ਦੇ ਵਿਚਕਾਰ ਰਹਿ ਗਿਆ ਹੈ। ਸਾਰੇ ਐੱਨ ਡੀ ਏ ਗੱਠਜੋੜ ਦੀਆਂ ਸੀਟਾਂ ਦੀ ਗਿਣਤੀ 260 ਤੋਂ 270 ਸੀਟਾਂ ਵਿਚਕਾਰ ਸਿਮਟਦੀ ਜਾਂਦੀ ਹੈ।

ਕਾਂਗਰਸ ਪਾਰਟੀ ਸਟੋਰੀਆਂ ਦੇ ਪਹਿਲੇ 100 ਦੇ ਮੁਕਾਬਲੇ ਇਸ ਵਕਤ 110 ਸੀਟਾਂ ਦੇ ਆਸਪਾਸ ਰਹਿ ਸਕਦੀ ਹੈ। ਖੇਤਰੀ ਪਾਰਟੀਆਂ ਖਾਸ ਤੌਰ ਉੱਤੇ ਯੂ ਪੀ ਵਿੱਚ ਸਪਾ-ਬਸਪਾ ਦੇ ਗਠਜੋੜ ਬਾਰੇ ਸੱਟਾ ਬਾਜ਼ਾਰ ਵਿੱਚ ਹਲਚਲ ਸ਼ੁਰੂ ਹੋ ਗਈ ਹੈ। ਸਟੋਰੀਆਂ ਵਿੱਚ ਇਸ ਗਠਜੋੜ ਨੂੰ ਚਾਲੀ ਤੋਂ 45 ਸੀਟਾਂ ਵਿਚਕਾਰ ਭਾਅ ਤੈਅ ਹੋਣੇ ਸ਼ੁਰੂ ਹੋ ਗਏ ਹਨ।

# ਹਾਈ ਕੋਰਟ ਦੇ ਹੁਕਮਾਂ ਉਤੇ ਸਿਰਸੇ ਡੇਰੇ ਦੀ ਕਮਾਈ ਬਾਰੇ ਜਾਂਚ ਅੱਗੇ ਵਧੀ

ਸਿਰਸਾ, 7 ਮਈ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦਾ ਮੁਖੀ ਆਪਣੇ ਅਪਰਾਧਾਂ ਕਾਰਨ ਕੋਰਟ ਦੇ ਹੁਕਮਾਂ 'ਤੇ 20 ਸਾਲ ਲਈ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਭੁਗਤ ਰਿਹਾ ਹੈ। ਉਸ ਦੇ ਜੇਲ੍ਹ ਜਾਣ ਪਿੱਛੋਂ ਡੇਰਾ ਸਿਰਸਾ ਦੀਆਂ ਮੁਸ਼ਕਲਾਂ ਵਿੱਚ ਓਦੋਂ ਵਾਧਾ ਹੋਇਆ ਜਦੋਂ ਡੇਰੇ ਨੂੰ ਮਿਲੀ ਦਾਨ ਦੀ ਜ਼ਮੀਨ ਦੀ ਜਾਂਚ ਆਮਦਨ ਟੈਕਸ ਵਿਭਾਗ ਨੇ ਸ਼ੁਰੂ ਕੀਤੀ। ਇਸ ਵਿਭਾਗ ਨੇ ਡੇਰੇ ਨੂੰ ਜ਼ਮੀਨ ਦੇਣ ਵਾਲੇ ਦਾਨੀਆਂ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ।

ਹਾਈ ਕੋਰਟ ਦੇ ਹੁਕਮਾਂ 'ਤੇ ਡੇਰੇ ਦੀ ਕਮਾਈ ਦੇ ਸਰੋਤਾਂ ਦੀ ਜਾਂਚ ਸ਼ੁਰੂ ਹੈ ਅਤੇ ਉਸੇ ਅਧੀਨ ਡੇਰੇ ਨੂੰ ਮਿਲੀਆਂ ਚਲ-ਅਚਲ ਜਾਇਦਾਦਾਂ ਦੇ ਦਸਤਾਵੇਜ਼ ਜਾਂਚੇ ਜਾ ਰਹੇ ਹਨ। ਡੇਰਾ ਸਿਰਸਾ ਨੂੰ ਜ਼ਮੀਨ ਕਿਨ੍ਹਾਂ ਸਰੋਤਾਂ ਤੋਂ ਅਤੇ ਕਿਵੇਂ ਮਿਲੀ ਇਸ ਦੀ ਜਾਂਚ ਅੱਗੇ ਵਧੀ ਤਾਂ ਅਜਿਹੇ




ਗੈਰ ਕਾਨੂੰਨੀ ਦਸਤਾਵੇਜ਼ ਮਿਲੇ ਹਨ। ਜਿਨ੍ਹਾਂ ਵਿੱਚ ਅਨੇਕਾਂ ਲੋਕਾਂ ਦੇ ਡੇਰੇ ਨੂੰ ਜ਼ਮੀਨ ਦਾਨ ਦੇਣ ਦੀ ਗੁਪਤ ਜਾਣਕਾਰੀ ਹੈ। ਇਸੇ ਆਧਾਰ 'ਤੇ ਆਮਦਨ ਟੈਕਸ ਵਿਭਾਗ ਨੇ ਜ਼ਮੀਨਾਂ ਤੋਹਫੇ ਕਰਨ ਵਾਲੇ ਸੰਬੰਧਤ ਲੋਕਾਂ ਦੇ ਬਿਆਨ ਦਰਜ ਕਰਨੇ ਸ਼ੁਰੂ ਕਰ ਦਿੱਤੇ ਹਨ।

ਭਰੋਸੇ ਯੋਗ ਸੂਤਰਾਂ ਅਨੁਸਾਰ ਚੰਡੀਗੜ੍ਹ ਤੋਂ ਵਿਭਾਗ ਦੀ ਟੀਮ ਸਿਰਸਾ ਆਈ ਹੋਈ ਹੈ, ਜਿਹੜੀ ਈ ਡੀ ਵੱਲੋਂ ਆਏ ਦਸਤਾਵੇਜ਼ ਦੇ ਆਧਾਰ ਉੱਤੇ ਸੰਬੰਧਤ ਲੋਕਾਂ ਨੂੰ ਨੋਟਿਸ ਜਾਰੀ ਕਰ ਕੇ ਜਾਂਚ ਕਰ ਰਹੀ ਹੈ। ਸੂਤਰ ਦੱਸਦੇ ਹਨ ਕਿ 120 ਤੋਂ ਜ਼ਿਆਦਾ ਨੋਟਿਸ ਜਾਰੀ ਹੋਏ ਹਨ ਅਤੇ ਉਨ੍ਹਾਂ ਵਿੱਚੋਂ ਕਈਆਂ ਦੇ ਬਿਆਨ ਵੀ ਦਰਜ ਕੀਤੇ ਗਏ ਹਨ। ਸੰਬੰਧਤ ਵਿਅਕਤੀਆਂ ਤੋਂ ਟੀਮ ਇਹ ਜਾਨਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਜ਼ਮੀਨ ਗਿਫਟ ਕੀਤੀ ਸੀ ਜਾਂ ਵੇਚੀ ਗਈ। ਇੱਕ ਅਧਿਕਾਰੀ ਅਨੁਸਾਰ ਤਕਰੀਬਨ ਵੀਹ ਸਾਲ ਪਹਿਲਾਂ ਤੋਹਫੇ ਵਜੋਂ ਦਿੱਤੀ ਜ਼ਮੀਨ ਦੀ ਵੀ ਜਾਂਚ ਸ਼ੁਰੂ ਹੋਈ ਸੀ, ਪਰ ਉਹ ਡੇਰਾ ਮੁਖੀ ਦੇ ਰੋਹਬ ਦੇ ਕਾਰਨ ਦਬਾਅ ਦਿੱਤੀ ਗਈ ਸੀ। ਵੀਹ ਸਾਲ ਪਹਿਲਾਂ ਅਤੇ ਬਾਅਦ ਵਿੱਚ ਦਿੱਤੀ ਜ਼ਮੀਨ ਦੀ ਵੀ ਜਾਂਚ ਹੋ ਰਹੀ ਹੈ। ਜ਼ਮੀਨਾਂ ਨਾਲ ਸੰਬੰਧਤ ਰਿਕਾਰਡ ਨੂੰ ਫੋਲਿਆ ਜਾ ਰਿਹਾ ਹੈ ਅਤੇ ਉਸੇ ਆਧਾਰ 'ਤੇ ਜ਼ਮੀਨਾਂ ਤੋਹਫੇ ਵਜੋਂ ਦੇਣ ਵਾਲੇ ਕੋਲੋਂ ਸਵਾਲ ਜਵਾਬ ਕੀਤੇ ਜਾ ਰਹੇ ਹਨ।

## ਸੋਨੇ ਦੀ ਤਸਕਰੀ ਲਈ ਪੰਜ ਅੰਡਰ ਵੀਅਰ ਪਹਿਨਣ ਵਾਲਾ ਫੜ੍ਹਿਆ

ਨਵੀਂ ਦਿੱਲੀ, 7 ਮਈ (ਪੋਸਟ ਬਿਊਰੋ)- ਤਿੰਨ ਕਿਲੋਗਰਾਮ ਸੋਨਾ ਲੁਕਾਉਣ ਲਈ ਕੋਚੀ ਦੇ ਹੁਮਸ ਭਰੇ ਮੌਸਮ ਵਿੱਚ ਪੰਜ ਅੰਡਰ ਵੀਅਰ ਪਹਿਨਣ ਪਿੱਛੋਂ ਵੀ ਕਸਟਮ ਡਿਊਟੀ ਵਿਭਾਗ ਦਾ ਇੱਕ ਮੁਲਾਜ਼ਮ ਬਚ ਨਹੀਂ ਸਕਿਆ ਅਤੇ ਸੀ ਬੀ ਆਈ ਨੇ ਸੋਨੇ ਦੀ ਤਸਕਰੀ ਵਿੱਚ ਮਦਦ ਕਨਰ ਦੇ ਦੋਸ਼ ਵਿੱਚ ਉਸ ਦੇ ਖਿਲਾਫ ਇੱਕ ਕੇਸ ਦਰਜ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਕੋਚੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮ ਡਿਊਟੀ ਹੌਲਦਾਰ ਦੇ ਰੂਪ ਵਿੱਚ ਤੈਨਾਤ ਫ੍ਰਾਂਸਿਸ ਸੀ ਐਕਸ ਦੇ ਖਿਲਾਫ 1.01 ਕਰੋੜ ਰੁਪਏ ਦੇ ਬਾਜ਼ਾਰ ਮੁੱਲ ਦੇ ਸੋਨੇ ਦੀ ਤਸਕਰੀ ਦੇ ਲਈ ਮਦਦ ਕਰਨ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਹੈ। ਆਦਿਨਾਨ ਖਾਲਿਦ ਨਾਮਕ ਇੱਕ ਵਿਅਕਤੀ ਦੁਬਈ ਤੋਂ ਸੋਨਾ ਲੈ ਕੇ ਆਇਆ ਸੀ। ਉਹ ਇੱਕ ਨਿੱਜੀ ਜਹਾਜ਼ ਕੰਪਨੀ ਦੇ ਜਹਾਜ਼ ਰਾਹੀਂ ਇਥੇ ਆਇਆ ਸੀ। ਉਨ੍ਹਾਂ ਦੱਸਿਆ ਕਿ ਏਜੰਸੀ ਨੇ ਇਸ ਮਾਮਲੇ ਵਿੱਚ ਭਾਰਤੀ ਦੰਡਾਵਲੀ ਤੇ ਭ੍ਰਿਸ਼ਟਾਚਾਰ ਨਿਵਾਰਣ ਕਾਨੂੰਨ ਦਾ ਮਾਮਲਾ ਦਰਜ ਕੀਤਾ ਹੈ। ਫਰਾਂਸਿਸ ਇੱਕ ਮਈ ਤੋਂ ਛੁੱਟੀ ਉੱਤੇ ਸੀ ਅਤੇ ਆਪਣੇ ਪਛਾਣ ਪੱਤਰ ਦੀ ਵਰਤੋਂ ਕਰ ਕੇ ਉਹ ਹਵਾਈ ਅੱਡੇ ਦੇ ਅੰਦਰ ਚਲਾ ਗਿਆ। ਏਜੰਸੀ ਨੇ ਦੋਸ਼ ਲਗਾਇਆ ਕਿ ਖਾਲਿਦ ਨੇ ਪਖਾਨੇ ਵਿੱਚ ਫਰਾਂਸਿਸ ਨੂੰ ਸੋਨਾ ਸੌਂਪਿਆ ਸੀ ਅਤੇ ਫਰਾਂਸਿਸ ਨੇ ਆਪਣੇ ਕੱਪੜਿਆਂ ਵਿੱਚ ਉਸ ਨੂੰ ਲੁਕਾ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ, ਪਰੰਤੂ ਬਾਹਰ ਜਾਣ ਵਾਲੇ ਦਰਵਾਜ਼ੇ 'ਤੇ ਮਾਲੀਆ ਵਿਭਾਗ ਦੇ ਅਧਿਕਾਰੀਆਂ ਨੇ ਉਸ ਨੂੰ ਫੜ ਲਿਆ।

# ਭਾਜਪਾ ਨੂੰ ਹੋਰ ਸਹਿਯੋਗੀਆਂ ਦੀ ਲੋੜ ਪੈ ਸਕਦੀ ਹੈ: ਰਾਮ ਮਾਧਵ

ਨਵੀਂ ਦਿੱਲੀ, 7 ਮਈ (ਪੋਸਟ ਬਿਊਰੋ)- ਕੇਂਦਰ ਵਿੱਚ ਸੱਤਾਧਾਰੀ ਭਾਜਪਾ ਦੇ ਸੀਨੀਅਰ ਨੇਤਾ ਰਾਮ ਮਾਧਵ ਨੇ ਕਿਹਾ ਹੈ ਕਿ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਬਹੁਤ ਪਿੱਛੇ ਰਹਿ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਨੂੰ ਬਹੁਮਤ ਬਣਾਉਣ ਦੇ ਲਈ ਸਹਿਯੋਗੀਆਂ ਦੀ ਲੋੜ ਪੈ ਸਕਦੀ ਹੈ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਸਾਹਮਣੇ ਆਇਆ ਹੈ, ਜਦ ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਕੇਂਦਰੀ ਮੰਤਰੀ ਅਰੁਣ ਜੇਤਲੀ ਵਰਗੇ ਨੇਤਾ ਦਾਅਵਾ ਕਰ ਰਹੇ ਹਨ ਕਿ ਪਾਰਟੀ ਆਪਣੇ ਦਮ ਉੱਤੇ ਬਹੁਮਤ ਹਾਸਲ ਕਰ ਲਵੇਗੀ। ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਰਾਮ ਮਾਧਵ ਦੇ ਇਸ ਬਿਾਨ ਦੇ ਨਾਲ ਇਨ੍ਹਾਂ ਚੋਣਾਂ 'ਚ ਪਹਿਲੀ ਵਾਰ ਗਠਜੋੜ ਦਾ ਮੁੱਦਾ ਉਠਿਆ।

ਬਲੂਮਬਰਗ ਨੂੰ ਦਿੱਤੇ ਇੰਟਰਵਿਊ ਵਿੱਚ ਰਾਮ ਮਾਧਵ ਨੇ ਕਿਹਾ, ਜੇ ਅਸੀਂ ਆਪਣੇ ਦਮ 'ਤੇ 271 ਸੀਟਾਂ ਹਾਸਲ ਕਰ ਲੈਂਦੇ ਹਾਂ ਤਾਂ ਇਹ ਬਹੁਤ ਖੁਸ਼ੀ ਵਾਲੀ ਗੱਲ ਹੋਵੇਗੀ। ਉਨ੍ਹਾਂ ਕਿਹਾ ਕਿ ਐਨ ਡੀ ਏ ਨੂੰ ਪੂਰਨ ਬਹੁਮਤ ਮਿਲੇਗਾ। ਰਾਮ ਮਾਧਵ ਨੇ ਕਿਹਾ ਕਿ ਭਾਜਪਾ ਨੂੰ ਉਤਰ ਭਾਰਤ ਦੇ ਉਨ੍ਹਾਂ ਰਾਜਾਂ 'ਚ ਸੰਭਾਵੀ ਤੌਰ 'ਤੇ ਨੁਕਸਾਨ ਹੋ ਸਕਦਾ ਹੈ ਜਿੱਥੇ 2014 ਵਿੱਚ ਰਿਕ-ਾਰਡ ਜਿੱਤ ਮਿਲੀ ਸੀ। ਦੂਜੇ ਪਾਸੇ ਪੂਰਬੀ ਉਤਰੀ ਰਾਜਾਂ ਅਤੇ ਉੜੀਸਾ ਤੇ ਪੱਛਮ ਬੰਗਾਲ ਵਿੱਚ ਪਾਰਟੀ ਨੂੰ ਲਾਭ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਜੇ ਅਸੀਂ



ਸੱਤਾ ਵਿੱਚ ਵਾਪਸ ਆਏ ਤਾਂ ਵਿਕਾਸ ਵਾਲੀਆਂ ਨੀਤੀਆਂ ਅੱਗੇ ਵਧਾਵਾਂਗੇ।

ਪਾਕਿਸਤਾਨ ਦੇ ਮੁੱਦੇ ਉੱਤੇ ਰਾਮ ਮਾਧਵ ਨੇ ਕਿਹਾ, ਪਾਕਿਸਤਾਨ ਨੂੰ ਅੱਤਵਾਦ ਨਾਲ ਲੜਾਈ ਵਿੱਚ ਈਮਾਨਦਾਰੀ ਦਿਖਾਉਣੀ ਚਾਹੀਦੀ ਹੈ। ਮੈਂ ਇਹ ਇਸ ਲਈ ਕਹਿ ਰਿਹਾ ਹਾਂ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਤਿੰਨ ਹਫਤਿਆਂ ਵਿੱਚ ਐੱਸ ਸੀ ਓ (ਸੰਘਾਈ ਕਾਰਪੋਰੇਸ਼ਨ ਆਰਗੇਨਾਈਜ਼ੇਸ਼ਨ) ਦੀ ਵਾਰਤਾ ਹੋਣ ਵਾਲੀ ਹੈ। ਇਸ ਵਿੱਚ ਪ੍ਰਧਾਨ ਮੰਤਰੀ ਮੋਦੀ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਆਹਮੋ-ਸਾਹਮਣੇ ਹੋਣਗੇ। ਜੇ ਪਾਕਿਸਤਾਨ ਅਗਲੇ ਇੱਕ ਮਹੀਨੇ ਅੰਦਰ ਕੋਈ ਠੋਸ ਕਦਮ ਉਠਾਉਂਦਾ ਹੈ ਤਾਂ ਰਿਸ਼ਤਿਆਂ ਵਿੱਚ ਸੁਧਾਰ ਦੀ ਸੰਭਾਵਨਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਵਿਦੇਸ਼ ਨੀਤੀ ਵਿੱਚ ਇੱਕ ਹੋਰ ਅਹਿਮ ਪੜਾਅ ਪ੍ਰਧਾਨ ਮੰਤਰੀ ਮੋਦੀ ਤੇ ਚੀਨ ਦੇ ਰਾਸ਼ਟਰਪਤੀ ਸ਼ੀ-ਜਿਨਪਿੰਗ ਦੇ ਸੰਬੰਧਾਂ ਵਿੱਚ ਮਜ਼ਬੂਤੀ ਸੀ। ਦੋਵਾਂ ਵਿੱਚ ਕਾਫੀ ਚੰਗੇ ਨਿੱਜੀ ਰਿਸ਼ਤੇ ਬਣ ਗਏ ਹਨ।

## ਸਟਿੰਗ ਅਪਰੇਸ਼ਨ ਸਮਾਜ ਦਾ ਮਹੱਤਵ ਪੂਰਨ ਹਿੱਸਾ: ਦਿੱਲੀ ਹਾਈ ਕੋਰਟ

ਨਵੀਂ ਦਿੱਲੀ, 7 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕਿਹਾ ਕਿ ਸਟਿੰਗ ਅਪਰੇਸ਼ਨ ਸਾਡੇ ਸਮਾਜ ਦਾ ਅਤੀ ਮਹੱਤਵ ਪੂਰਨ ਹਿੱਸਾ ਹੈ, ਉਹ ਗਲਤ ਗੱਲਾਂ ਦਾ ਖੁਲਾਸਾ ਕਰਨ ਵਿੱਚ ਮਦਦ ਕਰਦੇ ਹਨ ਅਤੇ ਮਾਣਹਾਨੀ ਕਾਨੂੰਨ ਨੂੰ ਪ੍ਰੈਸ ਤੇ ਮੀਡੀਆ ਦਾ ਗਲਾ ਘੁੱਟਣ, ਉਨ੍ਹਾਂ ਨੂੰ ਦਬਾਉਣ ਅਤੇ ਚੁੱਪ ਕਰਾਉਣ ਲਈ ਵਰਤਿਆ ਨਹੀਂ ਜਾ ਸਕਦਾ। ਅਦਾਲਤ ਨੇ ਕਿਹਾ ਕਿ ਇਹ ਭੁਲਾਇਆ ਨਹੀਂ ਜਾ ਸਕਦਾ ਕਿ ਮਾਣਹਾਨੀ ਕਾਨੂੰਨ ਵਿੱਚ ਸੰਵਿਧਾਨ ਵੱਲੋਂ ਜਾਰੀ ਵਿਚਾਰਾਂ ਦੀ ਆਜ਼ਾਦੀ 'ਤੇ ਅਨੁਚਿਤ ਪਾਬੰਦੀ ਲਾਉਣ ਦੀ ਸਮਰੱਥਾ ਹੈ ਅਤੇ ਇਹ ਨਿਸ਼ਚਿਤ ਕਰਨਾ ਅਦਾਲਤ ਦਾ ਕਰੱਤਵ ਹੈ ਕਿ ਮਾਣਹਾਨੀ ਕਾਨੂੰਨ ਦੀ ਦੁਰਵਰਤੋਂ ਨਾ ਕੀਤੀ ਜਾਵੇ।

ਵਰਨਣ ਯੋਗ ਹੈ ਕਿ ਆਈ ਪੀ ਐਲ ਕ੍ਰਿਕਟ ਨੇ ਇਕ ਸਮਾਚਾਰ ਚੈਨਲ ਦੇ ਮਾਲਕ ਅਤੇ ਸੰਪਾਦਕ ਤੋਂ 11 ਕਰੋੜ ਰੁਪਏ ਦੀ ਰਕਮ ਮੰਗੀ ਸੀ। ਸਮਾਚਾਰ ਚੈਨਲ ਉੱਤੇ 27-28 ਅਪ੍ਰੈਲ ਨੂੰ ਇਕ ਪ੍ਰੋਗਰਾਮ ਪ੍ਰਸਾਰਿਤ ਹੋਇਆ ਸੀ ਜੋ ਇਸ ਦਾ ਸਟਿੰਗ ਅਪਰੇਸ਼ਨ ਸੀ, ਜਿਸ ਵਿੱਚ ਦਿਖਾਇਆ ਗਿਆ ਸੀ ਕਿ ਕੰਪਨੀ ਪੱਛਮੀ ਉਤਰ ਪ੍ਰਦੇਸ਼ ਵਿੱਚ ਮਿਲਾਵਟੀ ਜਾਂ ਸਿੰਥੈਟਿਕ ਦੁੱਧ ਵੇਚ ਰਹੀ ਹੈ।

# ਦਿੱਲੀ ਦਾ ਆਮ ਆਦਮੀ ਪਾਰਟੀ ਦਾ ਵਿਧਾਇਕ ਸਹਿਰਾਵਤ ਭਾਜਪਾ 'ਚ ਹੋਇਆ ਸ਼ਾਮਲ

ਨਵੀਂ ਦਿੱਲੀ, 7 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕ ਦੇਵਿੰਦਰ ਸਿੰਘ ਸਹਿਰਾਵਤ ਕੱਲ੍ਹ ਭਾਜਪਾ ਵਿੱਚ ਸ਼ਾਮਲ ਹੋ ਗਏ। ਹਫਤੇ ਤੋਂ ਵੀ ਘੱਟ ਸਮੇਂ ਵਿੱਚ ਉਹ ਭਾਜਪਾ ਵਿੱਚ ਸ਼ਾਮਲ ਹੋਏ ਇਸ ਪਾਰਟੀ ਦੇ ਦੂਜੇ ਵਿਧਾਇਕ ਹਨ। ਬੀਤੇ ਸ਼ੁੱਕਰਵਾਰ ਗਾਂਧੀ ਨਗਰ ਤੋਂ ਵਿਧਾਇਕ ਅਨਿਲ ਬਾਜਪਾਈ ਭਾਜਪਾ ਵਿੱਚ ਸ਼ਾਮਲ ਹੋਏ ਸਨ।

ਬਿਜਵਾਸਨ ਤੋਂ ਵਿਧਾਇਕ ਦਵਿੰਦਰ ਸਹਿਰਾਵਤ ਇਥੇ ਮੀਡੀਆ ਕਾਨਫਰੰਸ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਵਿਜੇ ਗੋਇਲ ਤੇ ਵਿਜੇਂਦਰ ਗੁਪਤਾ ਦੀ ਹਾਜ਼ਰੀ 'ਚ ਭਾਜਪਾ ਵਿੱਚ ਸ਼ਾਮਲ ਹੋਏ। ਸੇਵਾਮੁਕਤ ਕਰਨਲ ਸਹਿਰਾਵਤ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਨੁੱਕਰੇ ਲਾ ਦਿੱਤਾ ਹੈ ਤੇ ਪਾਰਟੀ ਦੇ ਸਮਾਗਮਾਂ ਲਈ ਵੀ ਸੱਦਾ ਨਹੀਂ ਦਿੱਤਾ ਜਾਂਦਾ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਅਤੇ ਸਮਰਥਕਾਂ ਨਾਲ ਵਿਚਾਰ ਤੋਂ ਬਾਅਦ ਉਹ ਭਾਜਪਾ ਵਿੱਚ ਆਏ ਹਨ ਅਤੇ ਭਾਰਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ




ਵਿੱਚ ਮਿਲੇ ਮਾਣ ਸਨਮਾਨ ਤੋਂ ਪ੍ਰਭਾਵਿਤ ਹਨ।

ਕੇਂਦਰੀ ਮੰਤਰੀ ਵਿਜੇ ਗੋਇਲ ਨੇ ਇਸ ਮੌਕੇ ਕਿਹਾ ਕਿ ਉਹ ਸਹਿਰਾਵਤ ਦੇ ਆਮ ਆਦਮੀ ਪਾਰਟੀ ਵਿੱਚ ਜਾਣ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਭਾਜਪਾ ਦਾ ਹਿੱਸਾ ਬਣਾਉਣਾ ਚਾਹੁੰਦੇ ਸਨ। ਗੋਇਲ ਨੇ ਕਿਹਾ ਕਿ ਭਾਜਪਾ ਦੇ ਉਨ੍ਹਾਂ ਸਾਰਿਆਂ ਲਈ ਦਰਵਾਜ਼ੇ ਖੁੱਲ੍ਹੇ ਹਨ ਜੋ ਉਸ ਪਾਰਟੀ ਵਿੱਚ ਬੇਇੱਜ਼ਤੀ ਮਹਿਸੂਸ ਕਰਦੇ ਹਨ। ਭਾਜਪਾ ਆਗੂ ਵਿਜੇਂਦਰ ਗੁਪਤਾ ਨੇ ਅਰਵਿੰਦ ਕੇਜਰੀਵਾਲ 'ਤੇ ਸਹਿਰਾਵਤ ਖਿਲਾਫ ਸਾਜ਼ਿਸ਼ ਘੜਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਵਿਧਾਇਕ ਨੂੰ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਦੇ ਹੱਕ ਵਿੱਚ ਖੜੋਣ ਦਾ ਮੁੱਲ ਚੁਕਾਉਣਾ ਪਿਆ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਰਾਫਾਲ ਮੁੱਦੇ ਉੱਤੇ ਰਾਹੁਲ ਤੇ ਹੋਰਨਾਂ ਦੀਆਂ ਨਜ਼ਰਸਾਨੀ ਪਟੀਸ਼ਨਾਂ 'ਤੇ ਸੁਣਵਾਈ 10 ਨੂੰ

ਨਵੀਂ ਦਿੱਲੀ, 7 ਮਈ (ਪੋਸਟ ਬਿਊਰੋ)- ਫਰਾਂਸ ਤੋਂ ਖਰੀਦੇ ਜਾ ਰਹੇ ਜੰਗੀ ਜਹਾਜ਼ ਰਾਫਾਲ ਦੇ ਕੇਸ ਬਾਰੇ ਨਜ਼ਰਸਾਨੀ ਪਟੀਸ਼ਨਾਂ ਅਤੇ ਰਾਹੁਲ ਗਾਂਧੀ ਦੇ ਖਿਲਾਫ ਦਾਇਰ ਸੁਪਰੀਮ ਕੋਰਟ ਦੀ ਮਾਣਹਾਨੀ ਦੀ ਪਟੀਸ਼ਨ ਉਤੇ ਸੁਣਵਾਈ ਸੁਪਰੀਮ ਕੋਰਟ ਇਕੋ ਦਿਨ 10 ਮਈ ਨੂੰ ਕਰੇਗੀ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਵਿਸ਼ੇਸ਼ ਬੈਂਚ ਨੇ ਕਿਹਾ ਕਿ ਪਿਛਲੇ ਵਰ੍ਹੇ 14 ਦਸੰਬਰ ਨੂੰ ਰਾਫਾਲ ਜੰਗੀ ਜਹਾਜ਼ ਸੌਦੇ ਬਾਰੇ ਕੀਤੇ ਫੈਸਲੇ ਦੇ ਖਿਲਾਫ ਪਟੀਸ਼ਨਾਂ 'ਤੇ ਸੁਣਵਾਈ 10 ਮਈ ਨੂੰ ਹੋਵੇਗੀ। ਬੈਂਚ ਵਿੱਚ ਸ਼ਾਮਲ ਜਸਟਿਸ ਐਸ ਕੇ ਕੌਲ ਅਤੇ ਜਸਟਿਸ ਕੇ ਐਮ ਜੋਜੇਫ ਨੇ ਹੈਰਾਨੀ ਨਾਲ ਕਿਹਾ ਕਿ ਨਜ਼ਰਸਾਨੀ ਪਟੀਸ਼ਨਾਂ ਅਤੇ ਰਾਹੁਲ ਗਾਂਧੀ ਦੇ ਖਿਲਾਫ ਦਾਇਰ ਪਟੀਸ਼ਨਾਂ



ਨੂੰ ਕਿਵੇਂ ਵੱਖ-ਵੱਖ ਤਰੀਕਾਂ 'ਤੇ ਸੂਚੀਬੱਧ ਕੀਤਾ ਗਿਆ ਹੈ, ਇਨ੍ਹਾਂ ਨੂੰ ਇਕੋ ਦਿਨ ਸੁਣੇ ਜਾਣ ਬਾਰੇ ਹੁਕਮ ਦਿੱਤਾ ਗਿਆ ਸੀ। ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਨਜ਼ਰਸਾਨੀ ਪਟੀਸ਼ਨ ਦੀ ਸੁਣਵਾਈ ਲਈ ਉਹ ਪੇਸ਼ ਹੋਣਗੇ। ਉਨ੍ਹਾਂ ਅਦਾਲਤ ਨੂੰ ਅਰੁਣ ਸ਼ੋਰੀ ਦੇ ਵੀ ਸੁਣਵਾਈ ਵਿੱਚ ਹਿੱਸਾ ਲੈਣ ਸਬੰਧੀ ਇਜਾਜ਼ਤ ਦੇਣ ਦੀ ਮੰਗ ਕੀਤੀ।

UPPAL LAW
FREE CONSULTATION !


Avtar Uppal
Manager


Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਰੋਹਿੰਗੀਆ ਸੰਕਟ ਵੇਲੇ ਗ੍ਰਿਫਤਾਰ ਕੀਤੇ 2 ਪੱਤਰਕਾਰ 500 ਦਿਨਾਂ ਬਾਅਦ ਮਿਆਂਮਾਰ ਤੋਂ ਰਿਹਾਅ



ਦੋਵੇਂ ਪਤਰਕਾਰ ਵਾ ਲੋਨ ਅਤੇ ਕਿਆਵ ਸੋ ਓ ਰਿਹਾਅ ਹੋਣ ਤੋਂ ਬਾਅਦ ਖੁਸ਼ੀ ਦੇ ਰੌਅ 'ਚ।

ਯੰਗੂਨ, 7 ਮਈ (ਪੋਸਟ ਬਿਊਰੋ)- ਮਿਆਂਮਾਰ ਦੀ ਜੇਲ ਵਿਚ ਪਿਛਲੇ 500 ਦਿਨਾਂ ਤੋਂ ਵੱਧ ਸਮੇਂ ਤੋਂ ਕੈਦ ਦੋ ਪੱਤਰਕਾਰਾਂ ਨੂੰ ਛੱਡ ਦਿੱਤਾ ਗਿਆ ਹੈ। ਕੌਮਾਂਤਰੀ ਨਿਊਜ਼ ਏਜੰਸੀ ਲਈ ਪੱਤਰਕਾਰੀ ਕਰਦੇ ਦੋ ਪੱਤਰਕਾਰਾਂ ਨੂੰ ਦਸੰਬਰ 2017 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਮਿਆਂਮਾਰ ਦੇ ਰਖਾਈਨ ਸੂਬੇ ਦੇ ਰੋਹਿੰਗੀਆ ਸੰਕਟ ਬਾਰੇ ਗਏ ਸਨ। ਉਨ੍ਹਾਂ ਦੀ ਬਣਾਈ ਰਿਪੋਰਟ ਨੂੰ ਕੌਮਾਂਤਰੀ ਮੰਚ 'ਤੇ ਕਾਫੀ ਸ਼ਲਾਘਾ ਮਿਲੀ ਸੀ ਤੇ ਉਨ੍ਹਾਂ ਨੂੰ ਵੱਕਾਰੀ ਪੁਲਿਤਜ਼ਰ ਐਵਾਰਡ ਨਾਲ ਨਿਵਾਜਿਆ ਗਿਆ ਸੀ, ਪਰ ਸਥਾਨਕ ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ ਹੇਠ ਮਿਆਂਮਾਰ ਦੀ ਅਦਾਲਤ ਨੇ ਬੀਤੇ ਸਾਲ ਸਤੰਬਰ ਵਿਚ ਦੋਵਾਂ ਨੂੰ 7 ਸਾਲ ਜੇਲ ਦੀ ਸਜ਼ਾ ਸੁਣਾਈ ਸੀ। ਉਨ੍ਹਾਂ ਨੂੰ ਸਜ਼ਾ ਸੁਣਾਉਣ 'ਤੇ ਕੌਮਾਂਤਰੀ ਭਾਈਚਾਰੇ ਨੇ ਜ਼ਬਰਦਸਤ ਵਿਰੋਧ ਜਤਾਇਆ ਸੀ। ਦੋਹਾਂ ਪਤਰਕਾਰਾਂ ਵਾ ਲੋਨ (33) ਅਤੇ ਕਿਆਵ ਸੋ ਓ (29) ਨੂੰ ਰਾਜਧਾਨੀ ਯੰਗੂਨ ਦੇ ਬਾਹਰੀ ਇਲਾਕੇ ਦੀ ਇਨਸੇਇਨ ਜੇਲ ਤੋਂ ਮੰਗਲਵਾਰ ਨੂੰ ਛੱਡ ਦਿੱਤਾ ਗਿਆ। ਉਨ੍ਹਾਂ ਦੀ ਰਿਹਾਈ ਰਾਸ਼ਟਰਪਤੀ ਵਿਨ ਮਿੰਤ ਵਲੋਂ ਦਿੱਤੀ ਗਈ ਸਜ਼ਾ ਮੁਆਫੀ ਤੋਂ ਬਾਅਦ ਕੀਤੀ ਗਈ ਹੈ। ਮਿਆਂਮਾਰ ਦੇ ਰਾਸ਼ਟਰਪਤੀ ਨੇ ਇਨ੍ਹਾਂ ਦੋਵਾਂ ਸਣੇ ਜੇਲ ਵਿਚ ਬੰਦ 6520 ਕੈਦੀਆਂ ਦੀ ਸਜ਼ਾ ਮੁਆਫ ਕਰ ਦਿੱਤੀ ਹੈ। ਇਹ ਸਜ਼ਾ ਮੁਆਫੀ ਅਪ੍ਰੈਲ ਵਿਚ ਰਸਮੀ ਤੌਰ 'ਤੇ ਮਨਾਏ ਜਾਣ ਵਾਲੇ ਨਵੇਂ ਸਾਲ ਮੌਕੇ ਕੀਤੀ ਗਈ। ਯੂ ਐਨ ਜਨਰਲ ਸਕੱਤਰ ਐਂਟੋਨੀਓ ਗੁਟਾਰੇਸ ਨੇ ਇਸ 'ਤੇ ਖੁਸ਼ੀ ਜਤਾਈ ਹੈ।

# ਚੀਨ ਅਤੇ ਅਮਰੀਕਾ ਵਿਚਾਲੇ ਫਿਰ ਟ੍ਰੇਡ ਵਾਰ ਸ਼ੁਰੂ

ਵਾਸ਼ਿੰਗਟਨ, 7 ਮਈ (ਪੋਸਟ ਬਿਊਰੋ)- ਚੀਨ ਅਤੇ ਅਮਰੀਕਾ ਵਿੱਚ ਫਿਰ ਟ੍ਰੇਡ ਵਾਰ ਸ਼ੁਰੂ ਹੋ ਗਈ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਚੀਨ 'ਤੇ ਦਬਾਅ ਵਧਾਉਂਦਿਆਂ 200 ਅਰਬ ਡਾਲਰ ਦੇ ਚੀਨੀ ਸਾਮਾਨ ਇੰਪੋਰਟ 'ਤੇ ਡਿਊਟੀ ਦਰ ਵਧਾਉਣ ਦੀ ਧਮਕੀ ਦਿੱਤੀ ਹੈ।

ਇਸ ਸੰਬੰਧ ਵਿੱਚ ਟਰੰਪ ਨੇ ਟਵੀਟ ਕਰ ਕੇ ਕਿਹਾ ਕਿ ਆਉਂਦੇ ਸ਼ੁੱਕਰਵਾਰ ਤੋਂ ਉਹ ਚੀਨ ਤੋਂ ਇੰਪੋਰਟ ਕੀਤੇ ਜਾਣ ਵਾਲੇ 200 ਅਰਬ ਡਾਲਰ ਦੇ ਸਾਮਾਨ 'ਤੇ ਡਿਊਟੀ ਦਰ 10 ਤੋਂ ਵਧਾ ਕੇ 25 ਫੀਸਦੀ ਕਰ ਦੇਣਗੇ। ਇਹ ਐਲਾਨ ਅਜਿਹੇ ਸਮੇਂ ਹੋਇਆ ਹੈ ਜਦੋਂ ਇਸ ਹਫਤੇ ਵਾਸ਼ਿੰਗਟਨ 'ਚ ਚੀਨ ਅਤੇ ਅਮਰੀਕਾ ਵਿਚਾਲੇ ਵਪਾਰਕ ਗੱਲਬਾਤ ਸ਼ੁਰੂ ਹੋਣੀ ਸੀ। ਖਬਰਾਂ ਅਨੁਸਾਰ ਇਸ ਸਿਲਸਿਲੇ ਵਿੱਚ ਚੀਨ ਦੇ ਉਪ ਪ੍ਰਧਾਨ ਮੰਤਰੀ ਲਿਊ ਹੀ ਦੀ ਅਗਵਾਈ ਵਿੱਚ 100 ਮੈਂਬਰਾਂ ਦਾ ਉਚ ਪੱਧਰੀ ਚੀਨੀ ਵਫਦ ਇਸ ਬੈਠਕ ਵਿੱਚ ਸ਼ਾਮਲ ਹੋਣ ਵਾਲਾ ਸੀ। ਇਸ ਬੈਠਕ ਦਾ




ਮਕਸਦ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਯੁੱਧ ਦਾ ਹੱਲ ਲੱਭਣਾ ਹੈ ਤਾਂ ਕਿ ਕੌਮਾਂਤਰੀ ਅਰਥਵਿਵਸਥਾ ਦੀਆਂ ਚਿੰਤਾਵਾਂ ਨੂੰ ਦੂਰ ਕੀਤਾ ਜਾ ਸਕੇ। ਵਪਾਰਕ ਗੱਲਬਾਤ ਕਿਸੇ ਨਤੀਜੇ 'ਤੇ ਪੁਚਾਉਣ ਲਈ ਟਰੰਪ ਨੇ ਚੀਨ ਦੇ ਖਿਲਾਫ ਡਿਊਟੀ ਵਧਾਉਣ ਦੀ ਸਮਾਂ-ਹੱਦ ਦੋ ਵਾਰ ਜਨਵਰੀ ਅਤੇ ਮਾਰਚ 'ਚ ਅੱਗੇ ਪਾਈ ਸੀ, ਪਰ ਐਤਵਾਰ ਨੂੰ ਟਰੰਪ ਨੇ ਕਿਹਾ ਕਿ ਉਹ ਆਪਣਾ ਸਬਰ ਗੁਆ ਰਹੇ ਹਨ। ਉਨ੍ਹਾਂ ਨੇ ਖੁਦ ਨੂੰ 'ਟੈਰਿਫ ਮੈਨ' ਦੱਸਿਆ। ਟਰੰਪ ਨੇ ਟਵੀਟ ਵਿੱਚ ਕਿਹਾ ਕਿ ਚੀਨ ਨਾਲ ਵਪਾਰਕ ਗੱਲਬਾਤ ਮੱਠੀ ਰਫਤਾਰ ਨਾਲ ਚੱਲ ਰਹੀ ਹੈ, ਉਹ ਉਸ 'ਤੇ ਫਿਰ ਤੋਂ ਗੱਲ ਕਰਨਾ ਚਾਹੁੰਦੇ ਹਨ।

ਅਮਰੀਕਾ ਇਸ ਸਮੇਂ ਚੀਨ ਦੇ 200 ਅਰਬ ਡਾਲਰ ਦੇ ਸਾਮਾਨ 'ਤੇ 10 ਫੀਸਦੀ ਅਤੇ ਕੁਝ ਵੱਖਰੀ ਕਿਸਮ ਦੇ 50 ਅਰਬ ਡਾਲਰ ਦੇ ਸਾਮਾਨ ਉਤੇ 25 ਫੀਸਦੀ ਦੀ ਦਰ ਨਾਲ ਡਿਊਟੀ ਲਾਉਂਦਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ 200 ਅਰਬ ਡਾਲਰ ਦੇ ਚੀਨੀ ਸਾਮਾਨ 'ਤੇ ਇੰਪੋਰਟ ਡਿਊਟੀ ਦਰ ਵਧਾਏ ਜਾਣ ਦੀ ਅਚਾਨਕ ਦਿੱਤੀ ਧਮਕੀ ਦੇ ਬਾਵਜੂਦ ਚੀਨ ਦਾ ਉੱਚ ਪੱਧਰੀ ਵਫਦ ਅਹਿਮ ਵਪਾਰਕ ਗੱਲਬਾਤ ਲਈ ਅਮਰੀਕਾ ਜਾਵੇਗਾ। ਚੀਨ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਗੇਂਗ ਸ਼ੁਆਂਗ ਵੱਲੋਂ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਕੁਝ ਮੀਡੀਆ ਰਿਪੋਰਟਾਂ ਵਿੱਚ ਚੀਨ ਵੱਲੋਂ ਬੁੱਧਵਾਰ ਨੂੰ ਇਥੇ ਪ੍ਰਸਤਾਵਿਤ ਉੱਚ ਪੱਧਰੀ ਵਪਾਰਕ ਗੱਲਬਾਤ ਨੂੰ ਰੱਦ ਕਰਨ 'ਤੇ ਵਿਚਾਰ ਕਰਨ ਦੀ ਗੱਲ ਕਹੀ ਗਈ ਹੈ। ਸ਼ੁਆਂਗ ਨੇ ਕਿਹਾ ਕਿ ਵਫਦ ਯੋਜਨਾ ਮੁਤਾਬਕ ਵਾਸ਼ਿੰਗਟਨ ਜਾਵੇਗਾ।

# ਲੱਖਾਂ ਨਸਲਾਂ ਖਤਮ ਹੋਣ ਦੇ ਕੰਢੇ ਉੱਤੇ

ਪੈਰਿਸ, 7 ਮਈ (ਪੋਸਟ ਬਿਊਰੋ)- ਯੂ ਐਨ ਵੱਲੋਂ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਨੁੱਖਤਾ ਉਸੇ ਕੁਦਰਤੀ ਦੁਨੀਆ ਨੂੰ ਤੇਜ਼ੀ ਨਾਲ ਨਸ਼ਟ ਕਰ ਰਹੀ ਹੈ, ਜਿਸ ਉਤੇ ਉਸ ਦੀ ਖੁਸ਼ਹਾਲੀ ਅਤੇ ਉਸ ਦੀ ਹੋਂਦ ਟਿਕੀ ਹੈ। 450 ਮਾਹਰਾਂ ਵੱਲੋਂ ਤਿਆਰ ਸਮਰੀ ਫਾਰ ਪਾਲੀਸੀ ਮੇਕਰ ਰਿਪੋਰਟ ਨੂੰ 132 ਦੇਸ਼ਾਂ ਦੀ ਬੈਠਕ ਵਿੱਚ ਮਾਨਤਾ ਦਿੱਤੀ ਗਈ। ਬੈਠਕ ਦੀ ਅਗਵਾਈ ਕਰਨ ਵਾਲੇ ਰਾਬਰਟ ਵਾਟਸਨ ਨੇ ਕਿਹਾ ਕਿ ਜੰਗਲਾਂ, ਮਹਾਸਾਗਰਾਂ, ਜ਼ਮੀਨ ਤੇ ਹਵਾ ਵਿੱਚ ਦਹਾਕਿਆਂ ਤੋਂ ਹੋ ਰਹੇ ਖਿੱਚੋਤਾਣ ਅਤੇ ਉਨ੍ਹਾਂ ਨੂੰ ਜ਼ਹਿਰੀਲਾ ਬਣਾਏ ਜਾਣ ਦੇ ਕਾਰਨ ਹੋਏ ਬਦਲਾਵਾਂ ਨੇ ਦੁਨੀਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਮਾਹਰਾਂ ਦੇ ਅਨੁਸਾਰ ਜਾਨਵਰਾਂ ਅਤੇ ਪੌਦਿਆਂ ਦੀਆਂ 10 ਲੱਖ ਨਸਲਾਂ ਖਤਮ ਹੋਣ ਕੰਢੇ ਪਹੁੰਚ ਗਈਆਂ ਹਨ। ਇਨ੍ਹਾਂ ਵਿੱਚੋਂ ਕਈ ਨਸਲਾਂ ਉਤੇ ਕੁਝ ਦਹਾਕਿਆਂ ਵਿੱਚ ਹੀ ਖਤਮ ਹੋ ਜਾਣ ਦਾ ਖਤਰਾ ਹੈ। ਮੁੱਲਾਂਕਣ ਵਿੱਚ ਦੱਸਿਆ ਗਿਆ ਹੈ ਕਿ ਇਹ ਨਸਲਾਂ ਪਿਛਲੇ ਇੱਕ ਕਰੋੜ ਸਾਲ ਦੇ ਮੁਕਾ-ਬਲੇ ਵਿੱਚ ਹਜ਼ਾਰਾਂ ਗੁਣਾ ਤੇਜ਼ੀ ਨਾਲ ਖਤਮ ਹੋ ਰਹੀਆਂ ਹਨ। ਜਿਸ ਚਿੰਤਾ ਜਨਕ ਤੇਜ਼ੀ ਨਾਲ ਇਹ ਨਸਲਾਂ ਖਤਮ ਹੋ ਰਹੀਆਂ ਹਨ, ਉਸ ਨੂੰ ਦੇਖਦੇ ਹੋਏ ਅਜਿਹਾ ਡਰ ਹੈ ਕਿ ਛੇ ਕਰੋੜ 60 ਲੱਖ ਸਾਲ ਪਹਿਲਾਂ ਡਾਇਨਾਸੋਰ ਦੇ ਖਤਮ ਹੋਣ ਦੇ ਬਾਅਦ ਤੋਂ ਪ੍ਰਿਥਵੀ 'ਤੇ ਪਹਿਲੀ ਵਾਰ ਇੰਨੀ ਵੱਡੀ ਗਿਣਤੀ ਵਿੱਚ ਨਸਲਾਂ ਖਤਮ ਹੋਣ ਦਾ ਡਰ ਹੈ।

# ਰੋਡ ਕਟਰ ਦਾ ਇੰਜਣ, ਆਟੋ ਦੇ ਪਹੀਏ ਅਤੇ ਟਾਟ ਲਾ ਕੇ ਜਹਾਜ਼ ਬਣਾ ਦਿੱਤਾ

ਇਸਲਾਮਾਬਾਦ, 7 ਮਈ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪੌਪਕਾਰਨ ਵੇਚਣ ਵਾਲੇ ਫਿਆਜ਼ ਅਹਿਮਦ ਨੇ ਟੀ ਵੀ ਅਤੇ ਯੂ-ਟਿਊਬ ਉਤੇ ਬਲੂਪ੍ਰਿੰਟ ਦੇਖ ਕੇ ਛੋਟਾ ਪਲੇਨ ਬਣਾ ਦਿੱਤਾ ਹੈ। ਫਿਆਜ਼ ਨੇ ਇਸ ਵਿੱਚ ਰੋਡ ਕਟਰ ਦਾ ਇੰਜਣ, ਆਟੋ ਰਿਕਸ਼ਾ ਦੇ ਪਹੀਏ ਅਤੇ ਵਿੰਗ ਵਿੱਚ ਟਾਟ ਦਾ ਕੱਪੜਾ ਵਰਤਿਆ ਹੈ। ਇਸ ਨੂੰ 'ਮਿਨੀ ਬੇਸਿਕ ਏਅਰ ਪਲੇਨ' ਨਾਂਅ ਦਿੱਤਾ ਗਿਆ ਹੈ। ਖਾਸ ਗੱਲ ਇਹ ਕਿ ਪਾਕਿ ਏਅਰਫੋਰਸ ਨੇ ਵੀ ਇਸ ਨੂੰ ਉਡਾਉਣ ਦਾ ਸਰਟੀਫਿਕੇਟ ਦੇ ਦਿੱਤਾ ਹੈ। ਪਾਕਿਸਤਾਨ ਦੇ ਪੰਜਾਬ ਰਾਜ ਦੇ ਤਾਬੂਰ ਪਿੰਡ ਦੇ ਵਾਸੀ ਫਿਆਜ਼ ਵੱਧ ਪੜ੍ਹੇ ਲਿਖੇ ਨਹੀਂ ਹਨ, ਪਰ ਉਨ੍ਹਾਂ ਦੇ ਜਹਾਜ਼ ਨੂੰ ਦੇਖਣ ਲਈ ਦੇਸ ਭਰ ਤੋਂ ਲੋਕ ਪਹੁੰਚ ਰਹੇ ਹਨ। 32 ਸਾਲਾ ਫਿਆਜ਼ ਦੱਸਦਾ ਹੈ ਕਿ ਜਦ ਮੈਂ ਆਪਣਾ ਬਣਾਇਆ ਹੋਇਆ ਜਹਾਜ਼ ਪਹਿਲੀ ਵਾਰ ਉਡਾਇਆ ਤਾਂ ਮੈਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਮੈਂ ਵਾਕਈ ਉਡ ਰਿਹਾ ਹਾਂ। ਮੈਂ ਏਅਰਫੋਰਸ ਜੁਆਇਨ ਕਰਨਾ ਚਾਹੁੰਦਾ ਹਾਂ, ਪਰ ਬਚਪਨ ਵਿੱਚ ਪਿਤਾ ਦੀ ਮੌਤ ਹੋ ਗਈ। 8ਵੀਂ ਕਲਾਸ ਵਿੱਚ ਸਕੂਲ ਛੱਡਣਾ ਪਿਆ। ਇਸ ਦੇ ਬਾਅਦ ਮਾਂ ਅਤੇ ਪੰਜ ਛੋਟੇ ਭੈਣ-ਭਰਾਵਾਂ ਦੇ ਪਾਲਣ-ਪੋਸ਼ਣ ਲਈ ਛੋਟੇ-ਮੋਟੇ ਕੰਮ ਵੀ ਕਰਨੇ ਪਏ। ਇੱਕ ਇੰਟਰਵਿਊ ਵਿੱਚ ਫਿਆਜ਼ ਨੇ ਕਿਹਾ, ਜਹਾਜ਼ ਬਣਾਉਣ ਦਾ ਸੁਫਨਾ ਪੂਰਾ ਕਰਨ ਲਈ ਪੌਪਕਾਰਨ ਵੇਚੇ। ਰਾਤ ਨੂੰ ਗਾਰਡ ਦੀ ਨੌਕਰੀ ਕੀਤੀ। ਜ਼ਮੀਨ ਦਾ ਕੁਝ ਹਿੱਸਾ ਵੀ ਵੇਚਣਾ ਪਿਆ। ਇੱਕ ਐੱਨ ਜੀ ਓ ਤੋਂ 50 ਹਜ਼ਾਰ ਦਾ ਕਰਜ਼ਾ ਵੀ ਲਿਆ। ਪਰ ਉਡਾਣ ਭਰਨ ਤੋਂ ਪਹਿਲਾਂ ਪੁਲਸ ਨੇ ਉਸਨੂੰ ਗ੍ਰਿਫਤਾਰ ਕਰ ਲਿਆ।

# ਫਲਸਤੀਨ ਤੇ ਇਜ਼ਰਾਈਲ ਵਿੱਚ ਜੰਗਬੰਦੀ

ਗਾਜ਼ਾ ਸਿਟੀ, 7 ਮਈ (ਪੋਸਟ ਬਿਊਰੋ)- ਗਾਜ਼ਾ ਖੇਤਰ ਵਿੱਚ ਰਾਕਟ ਹਮਲਿਆਂ ਅਤੇ ਬੰਬਾਰੀ ਕਾਰਨ ਫਲਸਤੀਨ ਤੇ ਇਜ਼ਰਾਈਲ ਵਿਚਾਲੇ ਇਕ ਹੋਰ ਜੰਗ ਹੋਣ ਦਾ ਖਤਰਾ ਕੱਲ੍ਹ ਟਲ ਗਿਆ। ਫਲਸਤੀਨੀ ਨੇਤਾਵਾਂ ਨੇ ਕਿਹਾ ਕਿ ਇਜ਼ਰਾਈਲ ਨਾਲ ਜੰਗਬੰਦੀ 'ਤੇ ਸਹਿਮਤੀ ਬਣ ਗਈ ਹੈ। ਪਿਛਲੇ ਦੋ ਦਿਨਾਂ ਦੌਰਾਨ ਗਾਜ਼ਾ ਵਿੱਚ ਦੋਵਾਂ ਧਿਰਾਂ 'ਚ ਤਣਾਅ ਖਤਰਨਾਕ ਪੱਧਰ 'ਤੇ ਪਹੁੰਚ ਗਿਆ ਸੀ। ਇਸ ਨਾਲ ਚੌਥੀ ਜੰਗ ਦਾ ਖਤਰਾ ਪ੍ਰਗਟਾਇਆ ਜਾ ਰਿਹਾ ਸੀ। ਗਾਜ਼ਾ ਵਿੱਚ ਇਜ਼ਰਾਈਲ ਤੇ ਫਲਸਤੀਨੀ ਅੱਤਵਾਦੀਆਂ ਦਰਮਿਆਨ 2008 ਤੋਂ ਤਿੰਨ ਲੜਾਈਆਂ ਹੋ ਚੁੱਕੀਆਂ ਹਨ। ਦੋ ਫਲਸਤੀਨੀ ਅਧਿਕਾਰੀਆਂ ਅਤੇ ਗਾਜ਼ਾ ਉੱਤੇ ਕੰਟਰੋਲ ਰੱਖਣ ਵਾਲੇ ਅੱਤਵਾਦੀ ਸੰਗਠਨ ਹਮਾਸ ਨਾਲ ਜੁੜੇ ਇਕ ਟੀ ਵੀ ਸਟੇਸ਼ਨ ਨੇ ਕਿਹਾ ਕਿ ਜੰਗਬੰਦੀ ਸਮਝੌਤਾ ਕੱਲ੍ਹ ਤੜਕੇ ਚਾਰ ਵਜੇ ਕੀਤਾ ਗਿਆ। ਇਹ ਸਮਝੌਤਾ ਮਿਸਰ ਦੀ ਵਿਚੋਲਗੀ ਨਾਲ ਹੋਇਆ। ਇਸ ਉੱਤੇ ਇਜ਼ਰਾਈਲ ਵੱਲੋਂ ਹਾਲੇ ਕੋਈ ਬਿਆਨ ਨਹੀਂ ਆਇਆ, ਪਰ ਸਮਝੌਤੇ 'ਤੇ ਅਮਲ ਹੋਣ ਤੋਂ ਬਾਅਦ ਤੋਂ ਹੀ ਇਜ਼ਰਾਈਲ ਵੱਲੋਂ ਕੋਈ ਹਮਲਾ ਨਹੀਂ ਕੀਤਾ ਗਿਆ। ਇਜ਼ਰਾਈਲ ਨੇ ਗਾਜ਼ਾ ਸਰਹੱਦ ਨਾਲ ਲੱਗੇ ਇਲਾਕਿਆਂ 'ਚ ਲੋਕਾਂ ਦੀ ਆਵਾਜਾਈ 'ਤੇ ਰੋਕ ਵੀ ਕੱਲ੍ਹ ਸਵੇਰੇ ਹਟਾ ਲਈ।

# ਪਾਕਿਸਤਾਨੀ ਕੁੜੀਆਂ ਦੀ ਤਸਕਰੀ ਦੇ ਦੋਸ਼ ਹੇਠ ਅੱਠ ਚੀਨੀ ਬੰਦੇ ਗ੍ਰਿਫਤਾਰ



ਲਾਹੌਰ, 7 ਮਈ (ਪੋਸਟ ਬਿਊਰੋ)- ਪਾਕਿਸਤਾਨੀ ਕੁੜੀਆਂ ਦੀ ਤਸਕਰੀ ਦੇ ਦੋਸ਼ ਵਿੱਚ ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐਫ ਆਈ ਏ) ਵੱਲੋਂ ਅੱਠ ਚੀਨੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ ਗ੍ਰਿਫਤਾਰ ਕੀਤੇ ਗਏ ਚੀਨੀ ਨਾਗਰਿਕ ਪਾਕਿਸਤਾਨੀ ਕੁੜੀਆਂ ਨਾਲ ਫਰਜ਼ੀ ਵਿਆਹ ਕਰਨ ਪਿੱਛੋਂ ਉਨ੍ਹਾਂ ਨੂੰ ਚੀਨ ਲਿਜਾ ਕੇ ਉਥੇ ਉਨ੍ਹਾਂ ਪਾਸੋਂ ਜਬਰਦਸਤੀ ਜਿਸਮ ਫਰੋਸ਼ੀ ਦਾ ਧੰਦਾ ਕਰਵਾ ਰਹੇ ਸਨ। ਫੈਡਰਲ ਜਾਂਚ ਏਜੰਸੀ ਨੇ ਕੱਲ੍ਹ ਪਾਕਿਸਤਾਨੀ ਕੁੜੀਆਂ ਦੀ ਤਸਕਰੀ ਵਿੱਚ ਸ਼ਾਮਲ ਚੀਨੀ ਨਾਗਰਿਕਾਂ ਦੇ ਗਰੋਹ ਦਾ ਪਰਦਾ ਫਾਸ਼ ਕਰ ਕੇ ਦੱਸਿਆ ਕਿ ਚੀਨ ਪਾਕਿਸਤਾਨ ਆਰਥਿਕ ਗਲਿਆਰੇ ਦੇ ਕਾਰਨ ਸਾਲ 2015 ਤੋਂ ਕਈ ਚੀਨੀ ਨਾਗਰਿਕ ਪਾਕਿਸਤਾਨ 'ਚ ਰਹਿ ਰਹੇ ਹਨ। ਇਨ੍ਹਾਂ ਵੱਲੋਂ ਪਾਕਿਸਤਾਨ ਦੀਆਂ ਗਰੀਬ ਈਸਾਈ ਤੇ ਕਈ ਵਾਰ ਮੁਸਲਿਮ ਕੁੜੀਆਂ ਨੂੰ ਚੰਗੇ ਭਵਿੱਖ ਅਤੇ ਆਰਾਮਦਾਇਕ ਜ਼ਿੰਦਗੀ ਦਾ ਸੁਪਨਾ ਵਿਖਾ ਕੇ ਚੀਨ ਲਿਜਾ ਕੇ ਵੇਚਿਆ ਜਾ ਚੁੱਕਿਆ ਹੈ।

ਐਫ ਆਈ ਏ ਦੇ ਉਪ ਡਾਇਰੈਕਟਰ ਅਹਿਮਦ ਖਾਨ ਮੇਆਓ ਨੇ ਕਿਹਾ ਕਿ ਅਧਿਕਾਰੀਆਂ ਨੇ ਪਾਕਿ 'ਚ ਨਾਜਾਇਜ਼ ਗਤੀਵਿਧੀਆਂ 'ਚ ਸ਼ਾਮਲ ਵਿਦੇਸ਼ੀਆਂ ਖਿਲਾਫ ਕਾਰਵਾਈ ਹੇਠ ਲਾਹੌਰ ਹਵਾਈ ਅੱਡੇ ਅਤੇ ਹੋਰਨਾਂ ਇਲਾਕਿਆਂ 'ਚ ਅੱਠ ਚੀਨੀ ਨਾਗਰਿਕਾਂ ਨੂੰ ਪਾਕਿਸਤਾਨੀ ਕੁੜੀਆਂ ਨਾਲ ਫਰਜ਼ੀ ਵਿਆਹ ਕਰਕੇ ਉਨ੍ਹਾਂ ਦੀ ਤਸਕਰੀ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਚੀਨੀ ਨਾਗਰਿਕਾਂ 'ਚ ਇਕ ਚੀਨੀ ਔਰਤ ਵੀ ਹੈ। ਚੀਨੀ ਨਾਗਰਿਕਾਂ ਦੀ ਇਸ ਕਾਰਵਾਈ ਦਾ ਸੁਰਾਗ ਐਫ ਆਈ ਏ ਨੂੰ ਪਿਛਲੇ ਵੀਰਵਾਰ ਲੱਗਾ। ਜਿਸ ਦੇ ਬਾਅਦ ਉਨ੍ਹਾਂ ਫੈਸਲਾਬਾਦ 'ਚ ਚੱਲ ਰਹੀਆਂ ਵਿਆਹ ਦੀਆਂ ਰਸਮਾਂ ਦੌਰਾਨ ਚਾਂਗ ਨਾਂਅ ਦੇ ਚੀਨੀ ਲਾੜੇ ਨੂੰ ਗ੍ਰਿਫਤਾਰ ਕੀਤਾ। ਇਸ ਛਾਪੇਮਾਰੀ ਦੇ ਚੱਲਦਿਆਂ ਲੜਕੀ ਦੇ ਪਿਤਾ ਜ਼ਾਹਦ, ਵਿਆਹ ਕਰਾਉਣ ਵਾਲੇ ਕਾਜ਼ੀ, ਇਕ ਚੀਨੀ ਔਰਤ ਅਤੇ ਕੁਝ ਹੋਰ ਲੋਕਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ।


Dr. Randhawa Dentistry

Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd · Mcvean Dr · Gore Rd · DENTISTRY · Squire Ellis Dr · Countryside Dr



Honesty, Reliability, Commitment

Hira Randhawa
Broker

- 1 yr Home Warranty
- 40% Discount on Brand Name
- Appliances & Furniture
- Free Evaluation & Lowest Commission

www.hirarandhawa.com
hirarandhawa@yahoo.ca

"OPEN HOUSE UNTIL SOLD"

For all your Real Estate needs: 416.319.0551 or 905.913.8585

$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.

$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.

$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.

$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551



Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6



FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



MICHELIN · Hankook · Continental · ROADLUX · BFGoodrich · AEOLUS · COMPASAL · Chevron · Delo

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

7 ਦਿਨ ਖੁੱਲਾ

SPECIAL ON TRUCK ALIGNMENT

BRAND NEW MACHINES 2018

Brake & Drum Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

Winter Sale Dhamaka

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055






# Matrimonial

## ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post




**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**Wanted Office Clerk & Office Administrator**
- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਲੇਆ

# ਸੰਨੀ ਦਿਓਲ ਦੇ ਪਿੰਡ ਵਾਲਿਆਂ ਕਿਹਾ, ਆਪਣਾ ਪਿੰਡ ਭੁੱਲ ਗਿਆ ਤਾਂ ਗੁਰਦਾਸਪੁਰ ਕਿਵੇਂ ਯਾਦ ਰਹੇਗਾ

ਜਲੰਧਰ, 7 ਮਈ (ਪੋਸਟ ਬਿਊਰੋ)- ਗੁਰਦਾਸਪੁਰ ਲੋਕ ਸਭਾ ਸੀਟ ਲਈ ਭਾਜਪਾ ਉਮੀਦਵਾਰ ਭਾਵੇਂ ਫਿਲਮ ਅਭਿਨੇਤਾ ਅਜੈ ਸਿੰਘ ਦਿਓਲ ਉਰਫ ਸੰਨੀ ਦਿਓਲ ਲਗਾਤਾਰ ਇਲੈਕਟ੍ਰੌਨਿਕ ਤੇ ਪ੍ਰਿੰਟ ਮੀਡੀਆ ਦੀਆਂ ਸੁਰਖੀਆਂ ਵਿੱਚ ਬਣੇ ਹੋਏ ਹਨ, ਪਰ ਉਸ ਦੇ ਜੱਦੀ ਪਿੰਡ ਡੈਂਗੋ, ਜੋ ਫਤਿਹਗੜ੍ਹ ਲੋਕ ਸਭਾ ਸੀਟ ਵਿੱਚ ਹੈ, ਵਿੱਚ ਹਾਲਾਤ ਵੱਖਰੇ ਦਿਖਾਈ ਦੇਂਦੇ ਹਨ। ਇਸ ਪਿੰਡ ਦੇ ਲੋਕ ਸੰਨੀ ਦਿਓਲ ਨੂੰ ਉਮੀਦਵਾਰ ਬਣਾਏ ਜਾਣ ਤੋਂ ਖਾਸ ਉਤਸ਼ਾਹਤ ਨਹੀਂ। ਉਨ੍ਹਾਂ ਨੂੰ ਇਸ ਗੱਲ ਦਾ ਗੁੱਸਾ ਹੈ ਕਿ ਸੰਨੀ ਦਿਓਲ ਅਭਿਨੇਤਾ ਬਣਨ ਤੋਂ ਬਾਅਦ ਆਪਣੇ ਜੱਦੀ ਪਿੰਡ ਕਦੇ ਨਹੀਂ ਆਏ। ਵਰਨਣ ਯੋਗ ਹੈ ਕਿ ਗੁਰਦਾਸਪੁਰ ਵਿੱਚ ਸੰਨੀ ਦਿਓਲ ਦਾ ਸਿੱਧਾ ਮੁਕਾਬਲਾ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਹੈ, ਜੋ ਗੁਰਦਾਸਪੁਰ ਸੀਟ ਜਿੱਤ ਕੇ ਦੋ ਸਾਲ ਪਹਿਲਾਂ ਪਾਰਲੀਮੈਂਟ ਮੈਂਬਰ ਚੁਣੇ ਗਏ ਸਨ। ਇਸ ਹਲਕੇ ਦੇ ਲੋਕਾਂ ਨੂੰ ਸਨੀ ਦਿਓਲ ਨੂੰ ਵੋਟ ਨਾ ਦੇਣ ਦੀ ਅਪੀਲ ਕਰਦੇ ਹੋਏ ਪਿੰਡ ਦੇ ਸਰਪੰਚ ਅੰਮ੍ਰਿਤਪਾਲ ਸਿੰਘ, ਜਿਨ੍ਹਾਂ ਦਾ ਨਿਕਨੇਮ ਸੰਨੀ ਦੇ ਛੋਟੇ ਭਰਾ ਬੌਬੀ ਦਿਓਲ ਵਾਂਗ ਬੌਬੀ ਹੈ, ਨੇ ਕਿਹਾ ਕਿ ਜਿਹੜਾ ਆਪਣੇ ਪਿੰਡ ਦਾ ਨਾ ਹੋਇਆ, ਜੜ੍ਹਾਂ ਨੂੰ ਭੁੱਲ ਗਿਆ, ਉਹ ਗੁਰਦਾਸਪੁਰ ਦਾ ਕਿਵੇਂ ਹੋ ਜਾਏਗਾ। ਸਰਪੰਚ ਨੇ ਕਿਹਾ ਕਿ ਉਹ 2013 ਵਿੱਚ ਦੀਵਾਲੀ ਦੇ ਦਿਨ ਦਿਓਲ ਦੇ ਪਿਤਾ ਅਤੇ ਅਭਿਨੇਤਾ ਧਰਮਿੰਦਰ ਨੂੰ ਪਿੰਡ ਸੱਦ ਲਈ ਗਿਆ ਸੀ। ਉਨ੍ਹਾਂ ਦੇ ਮਨ ਵਿੱਚ ਇਹ ਸੀ ਕਿ ਸ਼ਾਇਦ ਧਰਮਿੰਦਰ ਪਿੰਡ ਵਿੱਚ ਸਟੇਡੀਅਮ ਦੀ ਸਥਾਪਨਾ ਦੀ ਮਦਦ ਕਰਨਗੇ, ਪਰ ਉਨ੍ਹਾਂ ਕੋਈ ਮਦਦ ਨਹੀਂ ਕੀਤੀ। ਪਿੰਡ ਵਾਸੀਆਂ ਨੇ ਕਿਹਾ ਕਿ ਧਰਮਿੰਦਰ ਕੋਲ ਪਿੰਡ ਵਿੱਚ 2.5 ਏਕੜ ਜ਼ਮੀਨ ਸੀ, ਪਰ ਉਨ੍ਹਾਂ ਨੇ ਨੇੜਲੇ ਰਿਸ਼ਤੇਦਾਰ ਨੂੰ 2016 ਦੇ ਦਿੱਤੀ। ਪਿੰਡ ਦੇ ਲੋਕ ਇਹ ਜ਼ਮੀਨ ਸਟੇਡੀਅਮ ਲਈ ਮੰਗਦੇ ਸਨ। ਇੱਕ ਹੋਰ ਪਿੰਡ ਵਾਸੀ ਸੁਖਜੀਵਨ ਸਿੰਘ ਨੇ ਕਿਹਾ ਕਿ ਪਿੰਡ ਨੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਵੋਟ ਪਾਈ ਸੀ, ਪਰ ਅੱਜ ਕੱਲ੍ਹ ਆਮ ਆਦਮੀ ਪਾਰਟੀ ਦਾ ਕੋਈ ਆਧਾਰ ਨਹੀਂ, ਲੋਕ ਕਾਂਗਰਸ ਦੇ ਪੱਖ ਵਿੱਚ ਜਾਣ ਦਾ ਮਨ ਬਣਾਈ ਬੈਠੇ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਕੁਝ ਨੌਜਵਾਨਾਂ ਨੇ ਬਾਲੀਵੁੱਡ ਵਿੱਚ ਇਹ ਸੋਚ ਕੇ ਕਿਸਮਤ ਅਜ਼ਮਾਉਣ ਦਾ ਯਤਨ ਕੀਤਾ ਕਿ ਧਰਮਿੰਦਰ ਉਨ੍ਹਾਂ ਦੀ ਮਦਦ ਕਨਰਗੇ, ਪਰ ਉਨ੍ਹਾਂ ਮਦਦ ਨਹੀਂ ਕੀਤੀ। ਧਰਮਿੰਦਰ ਦੇ ਰਿਸ਼ਤੇਦਾਰ ਸ਼ਿੰਗਾਰਾ ਸਿੰਘ, ਜਿਨ੍ਹਾਂ ਨੂੰ ਧਰਮਿੰਦਰ ਨੇ ਜ਼ਮੀਨ ਦਿੱਤੀ ਸੀ, ਨੇ ਕਿਹਾ ਕਿ ਉਹ ਗੁਰਦਾਸਪੁਰ 'ਚ ਮੁਹਿੰਮ ਲਈ ਜਾਏਗਾ, ਅੱਗੇ ਦੇਖਦੇ ਹਾਂ ਕੀ ਹੁੰਦਾ ਹੈ। ਦੂਸਰੇ ਪਾਸੇ ਪਿੰਡ ਵਾਲਿਆਂ ਦਾ ਕਹਿਣਾ ਸੀ ਕਿ ਧਰਮਿੰਦਰ ਜਦੋਂ ਤਿੰਨ ਸਾਲ ਦਾ ਸੀ ਤਾਂ ਪਿੰਡ ਛੱਡ ਕੇ ਚਲਾ ਗਿਆ ਸੀ। 2013 ਵਿੱਚ ਉਹ ਪਿੰਡ ਵਿੱਚ ਜ਼ਰੂਰ ਆਏ ਸਨ, ਪਰ ਉਸ ਤੋਂ ਬਾਅਦ ਫਿਰ ਕਿਨਾਰਾ ਕਰ ਲਿਆ। ਪਿੰਡ ਦੇ ਹੀ ਗੁਰਮੇਲ ਸਿੰਘ ਨੇ ਕਿਹਾ ਕਿ ਸੰਨੀ ਦੀ ਉਮੀਦਵਾਰੀ ਨਾਲ ਕੋਈ ਫਰਕ ਨਹੀਂ ਪੈਂਦਾ। ਗੁਰਦਾਸਪੁਰ ਇਥੋਂ ਬਹੁਤ ਦੂਰ ਹੈ।

# ਐਨ ਆਈ ਏ ਨੇ ਕੋਰਟ ਵਿੱਚ ਦੋ ਦੋਸ਼ੀਆਂ ਦੇ ਖਿਲਾਫ ਚਾਲਾਨ ਪੇਸ਼ ਕੀਤਾ



ਮੋਹਾਲੀ, 7 ਮਈ (ਪੋਸਟ ਬਿਊਰੋ)- ਬੀਤੇ ਸਾਲ ਜਲੰਧਰ ਵਿੱਚ ਮਕਸੂਦਾਂ ਥਾਣੇ 'ਤੇ ਗ੍ਰੇਨੇਡ ਹਮਲਾ ਕਰਨ ਵਾਲੇ ਕੇਸ ਵਿੱਚ ਨੈਸ਼ਨਲ ਇੰਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਨੇ ਕੱਲ੍ਹ ਦੋ ਦੋਸ਼ੀਆਂ ਦੇ ਖਿਲਾਫ ਮੋਹਾਲੀ ਦੀ ਅਦਾਲਤ ਵਿੱਚ ਸਪਲੀਮੈਂਟਰੀ ਚਾਲਾਨ ਪੇਸ਼ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਏਜੰਸੀ ਨੇ ਦੋਸ਼ੀ ਫਾਜ਼ਿਲ ਬਸ਼ੀਰ ਪਿੰਚੂ ਅਤੇ ਸ਼ਾਹਿਦ ਕਿਊਮ ਦੇ ਖਿਲਾਫ ਇਹ ਚਾਲਾਨ ਪੇਸ਼ ਕੀਤਾ ਹੈ। ਏਜੰਸੀ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ 14 ਸਤੰਬਰ 2018 ਨੂੰ ਮਕਸੂਦਾਂ ਥਾਣੇ 'ਤੇ ਹੋਏ ਹਮਲੇ ਦੇ ਦੌਰਾਨ ਦੋਸ਼ੀਆਂ ਵੱਲੋਂ ਥਾਣੇ ਉਤੇ ਚਾਰ ਗ੍ਰੇਨੇਡ ਸੁੱਟੇ ਗਏ ਸਨ। ਉਸ ਹਮਲੇ ਵਿੱਚ ਇਕ ਪੁਲਸ ਕਰਮਚਾਰੀ ਜ਼ਖਮੀ ਹੋਇਆ ਸੀ। ਪੁਲਸ ਸਟੇਸ਼ਨ ਡਵੀਜ਼ਨ ਨੰਬਰ ਇਕ ਜਲੰਧਰ ਵਿੱਚ ਉਸ ਹਮਲੇ ਸੰਬੰਧੀ 15 ਸਤੰਬਰ ਨੂੰ ਕੇਸ ਦਰਜ ਕੀਤਾ ਗਿਆ ਸੀ, ਜਿਸ ਦੇ ਬਾਅਦ ਇਹ ਕੇਸ ਨੈਸ਼ਨਲ ਇੰਨਵੈਸਟੀਗੇਸ਼ਨ ਏਜੰਸੀ ਦੇ ਕੋਲ ਚੱਲਿਆ ਗਿਆ ਸੀ। ਏਜੰਸੀ ਦੀ ਜਾਂਚ ਦੇ ਬਾਅਦ ਫਾਜ਼ਿਲ ਬਸ਼ੀਰ ਪਿੰਚੂ ਨਿਵਾਸੀ ਘਾਟ ਮੁਹੱਲਾ (ਅਵੰਤੀਪੁਰਾ) ਅਤੇ ਸ਼ਾਹਿਦ ਕਿਊਮ ਨਿਵਾਸੀ ਕਾਂਜੀਨਾਗ (ਅਵੰਤੀਪੁਰਾ) ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਦੇ ਤਿੰਨ ਦੋਸ਼ੀ ਰਾਊਫ ਮੁਹੰਮਦ ਮੀਰ, ਉਮਰ ਰਮਜਾਨ ਅਤੇ ਰਾਸਿਕ ਅਹਿਮਦ ਮੀਰ 22 ਦਸੰਬਰ 2018 ਨੂੰ ਜੰਮੂ ਕਸ਼ਮੀਰ ਦੇ ਪੁਲਵਾਮਾ ਦੇ ਪਿੰਡ ਅਰਾਮਪੋਰਾ (ਅਵੰਤੀਪੁਰਾ) ਵਿੱਚ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਜਾ ਚੁੱਕੇ ਹਨ। ਏਜੰਸੀ ਉਕਤ ਹਮਲੇ ਵਿੱਚ ਕਸ਼ਮੀਰੀ ਅੱਤਵਾਦੀ ਸੰਗਠਨ ਅੰਸਾਰ-ਗਜਵਤ-ਉਲ-ਹਿੰਦ ਦੇ ਪ੍ਰਮੁੱਖ ਜਾਕਿਰ ਮੂਸਾ ਦੀ ਭੂਮਿਕਾ ਬਾਰੇ ਜਾਂਚ ਕਰ ਰਹੀ ਹੈ।

# ਗੁਜਰਾਤ ਵਿੱਚ ਬੰਦੇ ਨੂੰ ਸੱਪ ਨੇ ਤੇ ਉਸ ਨੇ ਸੱਪ ਨੂੰ ਕੱਟਿਆ, ਦੋਵਾਂ ਦੀ ਮੌਤ

ਵਡੋਦਰਾ, 7 ਮਈ (ਪੋਸਟ ਬਿਊਰੋ)- ਗੁਜਰਾਤ ਦੇ ਮਹੀਸਾਗਰ ਜ਼ਿਲੇ ਵਿੱਚ ਸੱਪ ਦੇ ਡੰਗਣ ਨਾਲ 60 ਸਾਲਾ ਵਿਅਕਤੀ ਦੀ ਮੌਤ ਹੋ ਗਈ, ਪਰ ਮਰਨ ਤੋਂ ਪਹਿਲਾ ਉਸ ਨੇ ਵੀ ਸੱਪ ਨੂੰ ਕੱਟ ਲਿਆ ਤੇ ਉਸ ਨੂੰ ਮਾਰ ਦਿੱਤਾ।

ਇਕ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ 120 ਕਿਲੋਮੀਟਰ ਦੂਰ ਸੰਤਰਾਮਪੁਰ ਤਹਿਸੀਲ ਦੇ ਅਜਨਵਾ ਪਿੰਡ ਵਿੱਚ ਸ਼ਨੀਵਾਰ ਨੂੰ ਦੁਪਹਿਰ ਬਾਅਦ ਏਦਾਂ ਦੀ ਘਟਨਾ ਹੋਈ। ਅਜਨਵਾ ਪਿੰਡ ਦੇ ਸਰਪੰਚ ਕਾਨ੍ਹੂੰ ਬਾਰੀਆ ਨੇ ਦੱਸਿਆ, 'ਪਰਵਤ ਗਾਲਾ ਬਾਰੀਆ ਅਜਿਹੀ ਜਗ੍ਹਾ ਕੋਲ ਖੜਾ ਸੀ, ਜਿਥੋਂ ਖੇਤ ਤੋਂ ਟਰੱਕ ਵਿੱਚ ਮੱਕੀ ਲੱਦੀ ਜਾ ਰਹੀ ਸੀ ਤਾਂ ਇਕ ਸੱਪ ਬਾਹਰ ਨਿਕਲਿਆ। ਉਸ ਨੂੰ ਦੇਖ ਕੇ ਹੋਰ ਲੋਕ ਉਥੋਂ ਭੱਜ ਗਏ, ਪਰ ਉਹ ਇਹ ਦਾਅਵਾ ਕਰ ਕੇ ਖੜਾ ਰਿਹਾ ਕਿ ਉਹ ਕਈ ਸੱਪਾਂ ਨੂੰ ਪਹਿਲਾ ਵੀ ਫੜ ਚੁੱਕਾ ਹੈ।' ਉਨ੍ਹਾਂ ਨੇ ਦੱਸਿਆ, 'ਉਸ ਨੇ ਉਸ ਸੱਪ ਨੂੰ ਫੜ ਲਿਆ, ਜਿਸ ਨੇ ਉਸ ਦੇ ਹੱਥ ਅਤੇ ਚਿਹਰੇ 'ਤੇ ਡੰਗ ਲਿਆ। ਜਵਾਬ ਵਿੱਚ ਪਰਵਤ ਨੇ ਉਸ ਸੱਪ ਨੂੰ ਕੱਟ ਲਿਆ ਅਤੇ ਮਾਰ ਵੀ ਦਿੱਤਾ।' ਸਰਪੰਚ ਬਾਰੀਆ ਨੇ ਦੱਸਿਆ ਕਿ ਉਸ ਨੂੰ ਲੁਨਾਵਾੜਾ ਸ਼ਹਿਰ ਦੇ ਇਕ ਹਸਪਤਾਲ ਵਿੱਚ ਲਿਜਾਇਆ ਗਿਆ ਅਤੇ ਫਿਰ ਹਾਲਤ ਗੰਭੀਰ ਦੇਖਦੇ ਹੋਏ ਉਸ ਨੂੰ ਗੋਧਰਾ ਭੇਜ ਦਿੱਤਾ ਗਿਆ, ਪਰ ਸੱਪ ਦਾ ਜ਼ਹਿਰ ਉਸ ਦੇ ਸਰੀਰ ਵਿੱਚ ਫੈਲ ਜਾਣ ਦੇ ਕਾਰਨ ਉਸ ਦੀ ਮੌਤ ਹੋ ਗਈ।

# ਫਾਦਰ ਐਂਥਨੀ ਕੇਸ 'ਚ ਪਾਤੜਾਂ ਦੇ ਕਾਰ ਡੀਲਰ ਤੋਂ ਇੱਕ ਕਰੋੜ ਰੁਪਏ ਬਰਾਮਦ

ਪਾਤੜਾਂ, 7 ਮਈ (ਪੋਸਟ ਬਿਊਰੋ)- ਪਾਤੜਾਂ ਦੇ ਇੱਕ ਕਾਰ ਡੀਲਰ ਦਾ ਰਾਤੋ-ਰਾਤ ਅਮੀਰ ਬਣਨ ਦਾ ਸੁਫਨਾ ਓਦੋਂ ਟੁੱਟ ਗਿਆ, ਜਦ ਪੁਲਸ ਨੇ ਫਾਦਰ ਐਂਥਨੀ ਦੇ ਛੇ ਕਰੋੜ 66 ਲੱਖ ਰੁਪਏ ਘਪਲੇ ਵਿੱਚ ਇੱਕ ਕਰੋੜ ਰੁਪਏ ਉਸ ਦੇ ਕੋਲੋਂ ਜਾ ਕੇ ਫੜ ਲਏ। ਪੁਲਸ ਵੱਲੋਂ ਕਾਰ ਡੀਲਰ ਨੂੰ ਹਾਰਟ ਅਟੈਕ ਆਉਣ ਦਾ ਕਹਿ ਕੇ ਪਾਤੜਾਂ ਥਾਣੇ ਵਿੱਚ ਹੀ ਸਪੈਸ਼ਲ ਜ਼ਮਾਨਤ ਦੇ ਦਿੱਤੀ ਗਈ ਹੈ। ਇਹ ਡੀਲਰ ਪੁਲਸ ਅਧਿਕਾਰੀਆਂ ਦਾ ਖਾਸ ਦੋਸਤ ਦੱਸਿਆ ਜਾਂਦਾ ਹੈ ਤੇ ਉਸ ਨੂੰ ਪੁਲਸ ਵਾਲਿਆਂ ਦੇ ਕਈ ਰਾਜ਼ ਪਤਾ ਹਨ। ਜਿਸ ਦਿਨ ਪੁਲਸ ਅਧਿਕਾਰੀ ਉਸ ਨੂੰ ਭਾਰੀ ਮਾਤਰਾ ਵਿੱਚ ਨਕਦੀ ਦੇ ਕੇ ਗਏ ਸਨ, ਉਸੇ ਦਿਨ ਹੀ ਉਸ ਨੇ ਪਾਤੜਾਂ ਦੇ ਕੁਝ ਕਾਰ ਡੀਲਰਾਂ ਨੂੰ ਚਾਲੀ ਲੱਖ ਦੇ ਕਰੀਬ ਤੇ ਪਿੰਡ ਦੁਗਾਲ ਵਿੱਚ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ 60 ਲੱਖ ਰਪਏ ਦੇ ਕਰੀਬ ਦੇ ਦਿੱਤੇ ਸਨ।

ਪਤਾ ਲੱਗਾ ਹੈ ਕਿ ਫਾਦਰ ਐਂਥਨੀ ਦੇ ਜੋ ਕਰੋੜਾਂ ਰੁਪਏ ਪੁਲਸ ਦੇ ਦੋ ਥਾਣੇਦਾਰਾਂ ਨੇ ਗਾਇਬ ਕੀਤੇ ਸਨ, ਉਸ ਦੀਆਂ ਤਾਰਾਂ ਪਾਤੜਾਂ ਨਾਲ ਜੁੜੀਆਂ ਹੋਈਆਂ ਸਨ। ਜਦ ਪੁਲਸ ਵਾਲਿਆਂ ਨੇ ਪੈਸੇ ਗਾਇਬ ਕੀਤੇ ਤਾਂ ਉਨ੍ਹਾਂ ਨੇ ਆਪਣੇ ਖਾਸ ਮਿੱਤਰ ਪਾਤੜਾਂ ਦੇ ਕਾਰ ਡੀਲਰ ਨੂੰ ਇੱਕ ਕਰੋੜ ਰੁਪਏ ਦੇ ਕਰੀਬ ਦਿੱਤੇ ਸਨ। ਉਸ ਨੇ ਪਾਤੜਾਂ ਦੇ ਕੁਝ ਕਾਰ ਡੀਲਰਾਂ ਨੂੰ ਚਾਲੀ ਲੱਖ ਦੇ ਦਿਤੇ ਅਤੇ ਪਿੰਡ ਦੁਗਾਲ ਵਿੱਚ 60 ਲੱਖ ਆਪਣੇ ਰਿਸ਼ਤੇਦਾਰ ਨੂੰ ਦੇ ਦਿੱਤੇ ਸਨ। ਕਾਰ ਡੀਲਰ ਨੇ ਇਸ ਪੈਸੇ ਨਾਲ ਆਪਣੇ ਲੜਕੇ ਨੂੰ ਬਾਹਰ ਭੇਜਣ ਲਈ ਜੁਗਾੜ ਲਾਉਣਾ ਸ਼ੁਰੂ ਕਰ ਦਿੱਤਾ, ਪਰ ਅਜੇ ਤੱਕ ਉਹ ਉਸ ਵਿੱਚ ਕਾਮਯਾਬ ਨਹੀਂ ਹੋ ਸਕਿਆ ਸੀ। ਜਦ ਪੁਲਸ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਪਾਤੜਾਂ ਦੇ ਕਾਰ ਡੀਲਰ ਦੇ ਘਰ ਨੂੰ ਘੇਰ ਲਿਆ। ਪਹਿਲਾਂ ਡੀਲਰ ਦੀ ਪਤਨੀ ਨੇ ਪੁਲਸ ਅਧਿਕਾਰੀਆਂ 'ਤੇ ਰੋਹਬ ਜਮਾਉਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਦੀ ਸਖਤੀ ਦੇ ਬਾਅਦ ਕਾਰ ਡੀਲਰ ਪੁਲਸ ਦੇ ਹੱਥੇ ਚੜ੍ਹ ਗਿਆ। ਉਸ ਨੇ ਜਿੱਥੇ-ਜਿੱਥੇ ਰੁਪਏ ਵੰਡੇ ਸਨ, ਅੱਧੇ ਘੰਟੇ ਵਿੱਚ ਪੁਲਸ ਦੇ ਅੱਗੇ ਨਕਦੀ ਦਾ ਢੇਰ ਕਰ ਦਿੱਤਾ। ਪੁਲਸ ਨੇ ਉਸ ਦੇ ਬਿਮਾਰ ਹੋਣ ਦੇ ਕਾਰਨ ਥਾਣੇ ਵਿੱਚ ਸਪੈਸ਼ਲ ਜ਼ਮਾਨਤ ਦਿੱਤੀ ਗਈ। ਲੋਕਾਂ ਵਿੱਚ ਚਰਚਾ ਹੈ ਕਿ ਫੜਿਆ ਗਿਆ ਕਾਰ ਡੀਲਰ ਫਾਦਰ ਐਂਥਨੀ ਦੇ ਕਰੋੜਾਂ ਰੁਪਏ ਗਾਇਬ ਕਰਨ ਵਾਲੇ ਥਾਣੇਦਾਰਾਂ ਦਾ ਖਾਸ ਦੋਸਤ ਹੈ ਅਤੇ ਉਹ ਉਨ੍ਹਾਂ ਦੇ ਸਾਰੇ ਰਾਜ਼ ਜਾਣਦਾ ਹੈ ਅਤੇ ਹੋਰ ਵੀ ਬਹੁਤ ਦੱਸ ਸਕਦਾ ਹੈ।

ਫਾਦਰ ਐਂਥਨੀ ਦੇ ਲੱਖਾਂ ਰੁਪਏ ਦੇ ਘਪਲੇ ਦੇ ਕੇਸ ਵਿੱਚ ਥਾਣਾ ਸਟੇਟ ਕਰਾਈਮ ਸੈੱਲ ਵੱਲੋਂ ਗ੍ਰਿਫਤਾਰ ਹੌਲਦਾਰ ਅਮਰੀਕ ਸਿੰਘ, ਗੁਰਪ੍ਰੀਤ ਸਿੰਘ, ਮੁਹੰਮਦ ਸ਼ਕੀਲ, ਸੰਜੀਵ ਕੁਮਾਰ ਅਤੇ ਦਵਿੰਦਰ ਕੁਮਾਰ ਜੋ ਕਿ ਪੁਲਸ ਰਿਮਾਂਡ 'ਤੇ ਸਨ, ਨੂੰ ਅਦਾਲਤ ਵਿੱਚ ਕੱਲ੍ਹ ਦੋਬਾਰਾ ਪੇਸ਼ ਕੀਤਾ। ਅਦਾਲਤ ਵਿੱਚ ਸਰਕਾਰੀ ਧਿਰ ਨੇ ਉਕਤ ਦੋਸ਼ੀ ਦਾ ਦੋਬਾਰਾ ਰਿਮਾਂਡ ਮੰਗਦੇ ਹੋਏ ਤਰਕ ਦਿੱਤਾ ਕਿ ਇਸ ਕੇਸ ਵਿੱਚ ਅਜੇ ਤੱਕ ਪੁਲਸ ਵੱਲੋਂ ਚਾਰ ਕਰੋੜ 49 ਲੱਖ 50 ਹਜ਼ਾਰ ਰੁਪਏ ਬਰਾਮਦ ਕੀਤੇ ਗਏ ਹਨ, ਜਦ ਕਿ ਅਜੇ ਕਰੋੜਾਂ ਰੁਪਏ ਉਕਤ ਦੋਸ਼ੀਆਂ ਤੋਂ ਬਰਾਮਦ ਕਰਨੇ ਹਨ ਅਤੇ ਇਸ ਸੰਬੰਧੀ ਵੀ ਪੁੱਛਗਿੱਛ ਕਰਨੀ ਹੈ ਕਿ ਉਕਤ ਕੇਸ ਵਿੱਚ ਉਨ੍ਹਾਂ ਦੇ ਨਾਲ ਹੋਰ ਕਿਨ੍ਹਾਂ ਕਿਨ੍ਹਾਂ ਦੀ ਸ਼ਮੂਲੀਅਤ ਸੀ। ਬਚਾਅ ਧਿਰ ਵੱਲੋਂ ਉਕਤ ਪੰਜਾਂ ਦੋਸ਼ੀਆਂ ਦੇ ਰਿਮਾਂਡ ਦਾ ਵਿਰੋਧ ਕੀਤਾ ਗਿਆ। ਅਦਾਲਤ ਵੱਲੋਂ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਪੰਜਾਂ ਦੋਸ਼ੀਆਂ ਨੂੰ ਹੋਰ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ।

# 'ਮੁੱਕੇਬਾਜ਼' ਮੋਦੀ ਨੇ ਆਪਣੇ ਕੋਚ ਅਡਵਾਨੀ ਨੂੰ ਬਾਹਰ ਕੀਤੈ: ਰਾਹੁਲ ਗਾਂਧੀ



ਭਿਵਾਨੀ, 7 ਮਈ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੱਲ੍ਹ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਮੁੱਕੇਬਾਜ਼' ਹਨ, ਜੋ ਬੇਰੁਜ਼ਗਾਰੀ ਦੇ ਖਾਤਮੇ ਲਈ ਮੈਦਾਨ 'ਚ ਨਿੱਤਰੇ ਸਨ, ਪਰ ਉਨ੍ਹਾਂ ਆਪਣੇ ਕੋਚ ਤੇ ਬਜ਼ੁਰਗ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਹੀ 'ਮੁੱਕੇ' ਜੜ ਕੇ ਸਿਆਸਤ ਵਿੱਚੋਂ ਬਾਹਰ ਦਾ ਰਾਹ ਦਿਖਾ ਦਿੱਤਾ।

ਮੁੱਕੇਬਾਜ਼ਾਂ ਲਈ ਜਾਣੇ ਜਾਂਦੇ ਸ਼ਹਿਰ ਭਿਵਾਨੀ ਵਿੱਚ ਚੋਣ ਰੈਲੀ ਦੌਰਾਨ ਕਾਂਗਰਸ ਪ੍ਰਧਾਨ ਨੇ 'ਮੁੱਕੇਬਾਜ਼ੀ' ਨੂੰ ਉਚੇਚੇ ਤੌਰ ਉੱਤੇ ਸਿਆਸਤ ਨਾਲ ਜੋੜ ਦਿੱਤਾ। ਨਰਿੰਦਰ ਮੋਦੀ ਉੱਤੇ ਦੇਸ਼ ਦੇ ਲੋਕਾਂ ਨੂੰ ਧੋਖਾ ਦੇਣ ਦੇ ਦੋਸ਼ ਲਾਉਂਦਿਆਂ ਰਾਹੁਲ ਗਾਂਧੀ ਨੇ ਕਿਹਾ, 'ਪਿਛਲੇ ਪੰਜ ਸਾਲਾਂ ਦੌਰਾਨ ਬੌਕਸਰ (ਮੋਦੀ) ਨੇ ਭਾਰਤ ਦੇ ਗਰੀਬਾਂ, ਕਮਜ਼ੋਰ ਵਰਗਾਂ ਅਤੇ ਕਿਸਾਨਾਂ ਨੂੰ ਬੁਰੀ ਤਰ੍ਹਾਂ ਨਿਸ਼ਾਨਾ ਬਣਾਇਆ ਅਤੇ ਅੱਜ ਲੋਕ ਆਖ ਰਹੇ ਹਨ ਕਿ ਉਨ੍ਹਾਂ ਨੂੰ ਇਸ ਬੌਕਸਰ ਦੀ ਲੋੜ ਨਹੀਂ ਹੈ।' ਉਨ੍ਹਾਂ ਕਿਹਾ ਕਿ ਮੋਦੀ ਜਦੋਂ ਮੈਦਾਨ 'ਚ ਉਤਰੇ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਆਪਣੇ ਕੋਚ ਅਡਵਾਨੀ ਦੇ ਚਿਹਰੇ 'ਤੇ ਘਸੁੰਨ ਜੜ ਕੇ ਸੀਨੀਅਰ ਭਾਜਪਾ ਆਗੂ ਦਾ ਅਪਮਾਨ ਕੀਤਾ। 'ਅਡਵਾਨੀ ਦੇ ਘਸੁੰਨ ਮਾਰਨ ਪਿੱਛੋਂ ਇਸ ਬੌਕਸਰ ਨੇ ਛੋਟੇ ਦੁਕਾਨਦਾਰਾਂ ਨੂੰ ਨੋਟਬੰਦੀ ਅਤੇ ਗੱਬਰ ਸਿੰਘ ਟੈਕਸ ਨਾਲ ਨਾਕਆਊਟ ਕਰ ਦਿੱਤਾ। ਪੂਰਾ ਦੇਸ਼ ਜਾਣਦਾ ਹੈ ਕਿ ਇਨ੍ਹਾਂ ਫੈਸਲਿਆਂ ਨਾਲ ਉਨ੍ਹਾਂ ਨੂੰ ਕਿੰਨੀ ਮਾਰ ਪਈ।' ਉਨ੍ਹਾਂ ਕਿਹਾ ਕਿ 'ਬੌਕਸਰ ਪੀਐਮ' ਇਥੇ ਹੀ ਨਹੀਂ ਰੁਕਿਆ ਸਗੋਂ ਉਸ ਨੇ ਫਸਲਾਂ ਦੇ ਸਮਰਥਨ ਮੁੱਲ 'ਚ ਵਾਧੇ ਦੀ ਮੰਗ ਕਰ ਰਹੇ ਕਿਸਾਨਾਂ ਨੂੰ ਵੀ ਘਸੁੰਨ ਜੜ ਦਿੱਤੇ।

# ਭੀਖ ਮੰਗਣ ਲਈ ਟੂਰਿਸ਼ਟ ਵੀਜ਼ੇ ਉਤੇ ਦੁਬਈ ਜਾਂਦੇ ਹਨ ਭਾਰਤ-ਪਾਕਿ ਦੇ ਕਈ ਲੋਕ



ਦੁਬਈ, 7 ਮਈ (ਪੋਸਟ ਬਿਊਰੋ)- ਯੂ ਏ ਈ ਦੀ ਪੁਲਿਸ ਨੇ ਭਿਖਾਰੀਆਂ ਬਾਰੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ ਕਿ ਰਮਜਾਨ ਮਹੀਨੇ ਏਸ਼ੀਆਈ ਦੇਸ਼ਾਂ ਨੂੰ ਲੋਕ ਇਥੇ ਟੂਰਿਜ਼ਮ ਵੀਜੇ ਉਤੇ ਭੀਖ ਮੰਗਣ ਆਉਂਦੇ ਹਨ। ਪਿੱਛੇ ਜਿਹੇ ਦੁਬਈ ਪੁਲਿਸ ਨੇ ਏਸ਼ੀਆਈ ਦੇਸ਼ ਤੋਂ ਭੀਖ ਮੰਗਣ ਦੁਬਈ ਆਉਣ ਵਾਲੇ ਇਕ ਭਿਖਾਰੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦਾ ਕਹਿਣ ਹੈ ਕਿ ਰਮਜਾਨ ਸ਼ੁਰੂ ਹੋਣ ਪਿੱਛੋਂ ਏਸ਼ੀਆਈ ਦੇਸਾਂ ਵਿਚ ਵੱਡੇ ਪੈਮਾਨੇ 'ਤੇ ਭਿਖਾਰੀ ਵਿਜਿਟਰ ਵੀਜਾ ਉਤੇ ਇਕ ਮਹੀਨੇ ਲਈ ਦੁਬਈ ਆਉਂਦੇ ਤੇ ਭੀਖ ਦੀ ਮੋਟੀ ਕਮਾਈ ਕਰਕੇ ਆਪਣੇ ਦੇਸ਼ ਵਾਪਸ ਚਲੇ ਜਾਂਦੇ ਹਨ। ਪੁਲਿਸ ਨੇ ਦੱਸਿਆ ਕਿ ਏਸ਼ੀਅਨ ਦੇਸ਼ਾਂ ਵਿਚ ਭਾਰਤ, ਬੰਗਲਾ ਦੇਸ਼ ਤੇ ਪਾਕਿਸਤਾਨੀ ਲੋਕ ਸ਼ਾਮਲ ਹਨ। ਦੁਬਈ ਪੁਲਿਸ ਨੇ ਦੱਸਿਆ ਕਿ ਰਮਜਾਨ ਦੇ ਦੌਰਾਨ ਦੁਬਈ ਅਤੇ ਆਬੂਧਾਬੀ ਦੇ ਨਾਲ ਹੋਰ ਖਾੜੀ ਦੇ ਦੇਸ਼ਾਂ ਵਿਚ ਭਿਖਾਰੀਆਂ ਦੀ ਗਿਣਤੀ ਅਚਾਨਕ ਵਧ ਜਾਂਦੀ ਹੈ। ਪੁਲਿਸ ਕਮਿਸ਼ਨਰ ਨੇ ਜਦੋਂ ਕਾਨਫੰਰਸ ਬੁਲਾ ਕੇ ਪੂਰੀ ਜਾਣਕਾਰੀ ਦਿੱਤੀ ਤਾਂ ਪੱਤਰਕਾਰ ਵੀ ਹੈਰਾਨ ਰਹਿ ਗਏ। ਪੁਲਿਸ ਨੇ ਦੱਸਿਆ ਕਿ ਇਸ ਮਹੀਨੇ 250 ਤੋਂ ਵੱਧ ਭਿਖਾਰੀ ਫੜ੍ਹੇ ਗਏ ਹਨ। ਦੁਬਈ ਪੁਲਿਸ ਨੇ ਜਿਸ ਭਿਖਾਰੀ ਨੂੰ ਗ੍ਰਿਫ਼ਤਾਰ ਕੀਤਾ ਹੈ, ਉਸ ਦੋ ਕੋਲੋ ਇਕ ਲੱਖ ਦਰਾਮ ਬ੍ਰਾਮਦ ਕੀਤੇ ਗਏ ਹਨ।

# ਸਾਬਕਾ ਕਾਂਗਰਸੀ ਵਿਧਾਇਕ ਮੋਫਰ ਦੇ ਖਿਲਾਫ ਮਾਮਲਾ ਦਰਜ

ਮਾਨਸਾ, 7 ਮਈ (ਪੋਸਟ ਬਿਊਰੋ)- ਹਲਕਾ ਸਰਦੂਲਗੜ੍ਹ ਦੇ ਸਾਬਕਾ ਕਾਂਗਰਸੀ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਦੇ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ 'ਚ ਕੇਸ ਦਰਜ ਕਰਕੇ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਬੀਤੇ ਦਿਨੀਂ ਹਲਕਾ ਸਰਦੂਲਗੜ੍ਹ ਦੇ ਸਾਬਕਾ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਕਸਬਾ ਝੁਨੀਰ ਵਿਖੇ ਡੇਰਾ ਬਾਬਾ ਧਿਆਨ ਦਾਸ ਵਿਖੇ ਆਏ ਅਤੇ ਨਤਮਸਤਕ ਹੁੰਦਿਆਂ ਉਥੇ ਆਈਆਂ ਸੰਗਤਾਂ ਨੂੰ ਮਿਲੇ। ਦੱਸਿਆ ਗਿਆ ਹੈ ਕਿ ਇਥੇ ਆਈਆਂ ਸੰਗਤਾਂ ਦੇ ਇਕੱਠ ਨੂੰ ਇਕ ਫੇਸਬੁੱਕ ਪੇਜ਼ ਰਾਹੀਂ ਸੁਨੇਹਾ ਲਾ ਕੇ ਕੀਤਾ ਗਿਆ ਸੀ। ਸੀ ਈ ਓ ਦਫਤਰ ਵੱਲੋਂ ਇਸ ਸਬੰਧੀ ਭੇਜੀ ਗਈ ਸ਼ਿਕਾਇਤ 'ਤੇ ਨਾਇਬ ਤਹਿਸੀਲਦਾਰ ਅਤੇ ਈ ਓ ਨਗਰ ਪੰਚਾਇਤ ਸਰਦੂਲਗੜ੍ਹ ਵੱਲੋਂ ਪਹਿਲਾਂ ਜਾਂਚ ਰਿਪੋਰਟ 'ਚ ਦੱਸਿਆ ਗਿਆ ਕਿ ਮੋਫਰ ਇਥੇ ਆਏ ਜ਼ਰੂਰ ਸੀ, ਪਰ ਕੋਈ ਰਾਜਨੀਤਕ ਮੀਟਿੰਗ ਨਹੀਂ ਕੀਤੀ, ਜਿਸ ਲਈ ਸ਼ਿਕਾਇਤ ਫਾਈਲ ਕੀਤੀ ਜਾਵੇ। ਉਚ ਅਧਿਕਾਰੀਆਂ ਵੱਲੋਂ ਸ਼ਿਕਾਇਤ ਫਾਇਲ ਕਰਨ ਦੀ ਜਗ੍ਹਾ ਨੋਟਿਸ ਜਾਰੀ ਕਰਨ ਲਈ ਕਿਹਾ ਗਿਆ।


ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0



AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715



GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner



V4U LOGISTIC INC.
Delivering "Satisfaction"... On Time ....Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ



Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678



MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਕਾਫ਼ਲੇ ਵੱਲੋਂ 'ਜਲ੍ਹਿਆਂ ਵਾਲ਼ਾ ਬਾਗ਼' ਨੂੰ ਸਮਰਪਿਤ ਮੀਟਿੰਗ

## ਕਾਫ਼ਲੇ ਨੂੰ ਨਵਾਂ ਰੂਪ ਦੇਣ ਬਾਰੇ ਗੰਭੀਰ ਵਿਚਾਰ ਚਰਚਾ ਹੋਈ



ਬਰੈਂਪਟਨ:- (ਪਰਮਜੀਤ ਦਿਓਲ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਅਪਰੈਲ ਮਹੀਨੇ ਦੀ ਮੀਟਿੰਗ 'ਜਲ੍ਹਿਆਂ ਵਾਲ਼ਾ ਬਾਗ਼' ਦੇ ਦੁਖਾਂਤ ਦੀ ਸੌਵੀਂ ਵਰ੍ਹੇ-ਗੰਢ ਨੂੰ ਸਮਰਪਿਤ ਰਹੀ। ਇਸ ਵਿਸ਼ੇ 'ਤੇ ਵਿਸ਼ੇਸ਼ ਗੱਲਬਾਤ ਕਰਦਿਆਂ ਡਾ. ਬਲਜਿੰਦਰ ਸੇਖੋਂ ਨੇ ਕਿਹਾ ਕਿ ਜਿੱਥੇ ਸਾਨੂੰ ਜਲ੍ਹਿਆਂ ਵਾਲ਼ਾ ਬਾਗ਼ ਦੇ ਸਾਕੇ ਨੂੰ ਯਾਦ ਰੱਖਣ ਦੀ ਲੋੜ ਹੈ ਓਥੇ ਇਸ ਘਟਨਾ ਤੋਂ ਦੋ ਦਿਨ ਪਹਿਲਾਂ ਸ਼ਹੀਦ ਉਨ੍ਹਾਂ 25 ਲੋਕਾਂ ਨੂੰ ਵੀ ਯਾਦ ਕਰਨਾ ਬਣਦਾ ਹੈ ਜੋ ਸਰਕਾਰ ਕੋਲ਼ ਰੌਲੈਟ ਐਕਟ ਅਧੀਨ ਗ੍ਰਿਫ਼ਤਾਰ ਕੀਤੇ ਗਏ ਡਾ. ਕਿਚਲੂ ਅਤੇ ਡਾ ਸੱਤਪਾਲ ਦੀ ਰਿਹਾਈ ਦੀ ਮੰਗ ਕਰਨ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਅੱਜ ਵੀ ਪੰਜਾਬ ਦਾ ਮਹੌਲ ਬਹੁਤਾ ਵੱਖਰਾ ਨਹੀਂ ਹੈ: ਜੇ ਉਦੋਂ ਸਰਕਾਰ ਨੇ ਲੋਕਾਂ ਨੂੰ ਰੋਕਣ ਲਈ ਦਫ਼ਾ 144 ਲਾਈ ਸੀ ਤਾਂ ਅੱਜ ਵੀ ਇਸ ਘਟਨਾ ਦੀ ਸ਼ਤਾਬਦੀ ਦੇ ਸਮਾਗਮਾਂ ਨੂੰ ਰੋਕਣ ਲਈ ਦਫ਼ਾ 144 ਲਾਈ ਗਈ ਹੈ, ਅੱਜ ਵੀ ਪੰਜਾਬ ਉੱਜੜ ਰਿਹਾ ਹੈ ਤੇ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਭੱਜ ਰਹੇ ਨੇ। ਇਸ ਸਬੰਧੀ ਬੋਲਦਿਆਂ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਬੇਸ਼ੱਕ ਅਸੀਂ ਆਜ਼ਾਦ ਭਾਰਤ ਵਿਚਲੇ ਪੰਜਾਬ ਵਿੱਚ ਰਹਿ ਰਹੇ ਹਾਂ ਪਰ ਰਾਜ ਅਜੇ ਵੀ ਉਹੀ ਲੋਕ ਕਰ ਰਹੇ ਨੇ ਜਿਨ੍ਹਾਂ ਨੇ ਪਹਿਲਾਂ ਅੰਗ੍ਰੇਜ਼ਾਂ ਦੀ ਖਿਦਮਤ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਜਾਂ ਅਕਾਲੀਆਂ ਦਾ ਹੀ ਰਾਜ ਰਿਹਾ ਹੈ ਤੇ ਅਕਾਲੀਆਂ ਵਿੱਚ ਰਾਜ ਕਰਨ ਵਾਲ਼ੇ ਬਾਦਲ ਪਰਵਾਰ ਦੇ ਵਡੇਰਿਆਂ ਨੇ ਜੈਤੋ ਦੇ ਮੋਰਚੇ ਸਮੇਂ ਖੂਹਾਂ 'ਚ ਜ਼ਹਿਰ ਮਿਲਾਇਆ ਸੀ ਜਦਕਿ ਕਾਂਗਰਸ ਦੇ ਲੀਡਰ ਕੈਪਟਨ ਦੇ ਬਾਬੇ ਵੱਲੋਂ ਅੰਗ੍ਰੇਜ਼ਾਂ ਨੂੰ ਉਹ ਤੋਪਾਂ ਭੇਜੀਆਂ ਗਈਆਂ ਸਨ ਜਿਨ੍ਹਾਂ ਨਾਲਗੋਰੀ ਸਰਕਾਰ ਵੱਲੋਂ 1872 ਵਿੱਚ ਕੂਕਿਆਂ ਨੂੰ ਉਡਾਇਆ ਗਿਆ ਸੀ ਜਦਕਿ ਰਾਜ ਕਰਨ ਦੀ ਆਸ ਕਰ ਰਹੀ ਤੀਸਰੀ ਧਿਰ ਖਾਲਿਸਤਾਨੀਆਂ ਦੇ ਲੀਡਰ ਸਿਮਰਨਜੀਤ ਸਿੰਘ ਮਾਨ ਦੇ ਨਾਨੇਂ ਵੱਲੋਂ ਜਲ੍ਹਿਆਂ ਵਾਲ਼ਾ ਬਾਗ਼ ਦੇ ਕਾਂਡ ਤੋਂ ਬਾਅਦ ਜਨਰਲ ਡਾਇਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਸਿਰੋਪਾ ਦਿੱਤਾ ਗਿਆ ਸੀ। ਇਸ ਗੱਲ ਨੂੰ ਅੱਗੇ ਤੋਰਦਿਆਂ ਜਸਵਿੰਦਰ ਸੰਧੂ ਨੇ ਕਿਹਾ ਕਿ ਮਾਨ ਦਾ ਨਾਨਾ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਅੰਮ੍ਰਿਤ ਛਕਣ ਲਈ ਕਹਿ ਰਿਹਾ ਸੀ ਜਦਕਿ ਡਾਇਰ ਕਹਿ ਰਿਹਾ ਸੀ ਕਿ ਨਾ ਤਾਂ ਉਸ ਦੇ ਕੇਸ ਹਨ ਅਤੇ ਨਾ ਹੀ ਉਹ ਸਿਗਰਟ ਛੱਡ ਸਕਦਾ ਹੈ। ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਅੱਜ ਵੀ ਹਲਾਤ 1919 ਵਰਗੇ ਹੀ ਨੇ ਕਿਉਂਕਿ ਅੱਜ ਵੀ ਕਰਫ਼ਿਊ ਕੇ ਲੋਕਾਂ ਦੀ ਜ਼ੁਬਾਨ 'ਤੇ ਤਾਲਾ ਲਾਇਆ ਜਾ ਰਿਹਾ ਹੈ। ਬਲਵਿੰਦਰ ਬਰਨਾਲਾ ਨੇ ਕਿਹਾ ਕਿ ਸਾਡੇ ਲੇਖਕਾਂ ਦੀ ਲੇਖਣੀ ਲੋਕਾਂ ਅੰਦਰ ਉਹ ਜੋ ਜੋਸ਼ ਪੈਦਾ ਨਹੀਂ ਕਰ ਸਕੀ ਜੋ ਇੱਕ ਲਿਖਤ ਨੇ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਲੜਾਈ ਅੱਜ ਵੀ ਜਾਰੀ ਹੈ ਤੇ ਜਾਰੀ ਰਹੇਗੀ।

ਉਲਫ਼ਤ ਬਾਜਵਾ ਦੇ ਸ਼ੇਅਰ "ਬਣਾ ਛੱਡਿਆ ਦੇਸ਼ ਸਾਰਾ ਜਲ੍ਹਿਆਂ ਵਾਲ਼ਾ, ਇਹ ਡਾਇਰ ਘਰ ਦੇ ਨੇ, ਇਨ੍ਹਾਂ ਲੋਕਾਂ ਨੂੰ ਕੀ ਕਹੀਏ?" ਨਾਲ਼ ਆਪਣੀ ਗੱਲ ਤੋਰਦਿਆਂ ਉਂਕਾਰਪ੍ਰੀਤ ਨੇ ਕਿਹਾ ਕਿ ਜਨਰਲ ਡਾਇਰ ਅੱਜ ਸਾਡੇ ਘਰਾਂ ਅੰਦਰ ਟੱਪ ਕੇ ਆ ਚੁੱਕਾ ਹੈ। ਬਰਨਾਲ਼ਾ ਦੀ ਗੱਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਮੁਸ਼ਕਲ ਇਹ ਹੈ ਕਿ ਅੱਜ ਦਾ ਲੇਖਕ ਆਪਣੇ ਮਾਨ-ਸਨਮਾਨ ਵੱਲ ਵੱਧ ਰੁਚਿਤ ਹੋ ਗਿਆ ਹੈ ਅਤੇ ਸਾਹਿਤ ਨਾਲ਼ੋਂ ਟੁੱਟ ਗਿਆ ਹੈ ਜਿਸ ਕਰਕੇ ਉੱਚ-ਪੱਧਰ ਦਾ ਸਾਹਿਤ ਪੈਦਾ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਅੱਜਕਲ੍ਹ ਹੋ ਰਹੀਆਂ ਅੰਤਰਰਾਸ਼ਟਰੀ ਕਾਨਫ਼ਰੰਸਾਂ ਵੀ ਸਿਰਫ ਮੇਲ-ਮਿਲਾਪੀ ਬਣਕੇ ਰਹਿ ਗਈਆਂ ਨੇ। ਕਾਫ਼ਲੇ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਜਦੋਂ ਕਾਫ਼ਲਾ ਬਣਿਆ ਸੀ ਉਸ ਸਮੇਂ ਟਰਾਂਟੋ ਵਿੱਚ ਕੋਈ ਸਾਹਿਤਕ ਸੰਸਥਾ ਨਾ ਹੋਣ ਕਰਕੇ ਬਾਹਰੋਂ ਆਉਣ ਵਾਲ਼ੇ ਸਾਹਿਤਕਾਰ ਅਕਸਰ ਇੱਕ-ਦੋ ਲੇਖਕਾਂ ਨੂੰ ਮਿਲ-ਮਿਲਾ ਕੇ ਮੁੜ ਜਾਂਦੇ ਸਨ। ਕਾਫ਼ਲੇ ਨੇ ਬਾਹਰੋਂ ਆਉਣ ਵਾਲ਼ੇ ਲੇਖਕਾਂ ਨੂੰ ਜਨਤਕ ਪੱਧਰ 'ਤੇ ਏਥੋਂ ਦੇ ਸਾਹਿਤਕਾਰਾਂ ਅਤੇ ਪੰਜਾਬੀ ਪਾਠਕਾਂ ਨਾਲ਼ ਮਿਲਣ ਦਾ ਜਰਈਆ ਪੈਦਾ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਅੱਜ ਬਹੁਤ ਸਾਰੀਆਂ ਸੰਸਥਾਵਾਂ ਬਣ ਚੁੱਕੀਆਂ ਨੇ ਪਰ ਉਨ੍ਹਾਂ ਨੇ ਵੀ ਕੋਈ ਵੱਡੀ ਮੱਲ ਨਹੀਂ ਮਾਰੀ। ਉਨ੍ਹਾਂ ਕਿਹਾ ਕਿ ਅਸੀਂ ਨਿਰੋਲ ਸਾਹਿਤਕ ਪੱਧਰ ਦੀ ਗੱਲ ਕਰਕੇ ਹੀ ਸਾਹਿਤਕ ਪ੍ਰਦੂਸ਼ਣ ਨੂੰ ਸਾਫ਼ ਕਰ ਸਕਦੇ ਹਾਂ ਤੇ ਇਹ ਆਸ ਕਾਫ਼ਲੇ ਕੋਲ਼ੋਂ ਹੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਕਾਫ਼ਲੇ ਨੂੰ ਆਪਣੀਆਂ ਮੀਟਿੰਗਾਂ ਦੇ ਫੌਰਮੈਟ ਨੂੰ ਮੁੜ ਉਲੀਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਵੀਂ ਰੂਪ-ਰੇਖਾ ਅਧੀਨ ਸੰਚਾਲਕਾਂ ਦੀ ਲੋੜ ਵੀ ਨਹੀਂ ਰਹੇਗੀ ਅਤੇ ਬੇਨਤੀ ਕੀਤੀ ਕਿ ਕਾਫ਼ਲੇ ਦੀ ਚੋਣ ਨੂੰ ਅਗਲੀ ਮੀਟਿੰਗ ਤੱਕ ਮੁਲਤਵੀ ਕਰਕੇ ਨਵਾਂ ਅਜੰਡਾ ਪੇਸ਼ ਕਰਨ ਦਾ ਸਮਾਂ ਦਿੱਤਾ ਜਾਵੇ। ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਦੌਰਾਨ ਕਾਫ਼ਲੇ ਦੀਆਂ ਮੀਟਿੰਗਾਂ ਜਿੱਥੇ ਹਾਜ਼ਰੀ ਪੱਖੋਂ ਸਫ਼ਲ ਰਹੀਆਂ ਓਥੇ ਇਨ੍ਹਾਂ ਵਿੱਚ ਵਿਚਾਰੇ ਗਏ ਵਿਸ਼ੇ ਅਤੇ ਮਹਿਮਾਨਾਂ ਨਾਲ਼ ਹੋਈਆਂ ਮੁਲਾਕਾਤਾਂ ਸਲਾਹੁਣਯੋਗ ਨੇ। ਉਨ੍ਹਾਂ ਕਿਹਾ ਕਿ ਸਾਨੂੰ ਹੱਦੋਂ ਵੱਧ ਆਸ ਵੀ ਨਹੀਂ ਰੱਖਣੀ ਚਾਹੀਦੀ। ਉਨ੍ਹਾਂ ਕਿਹਾ ਕਿ ਸਾਨੂੰ ਨਵੇਂ ਲੇਖਕਾਂ ਨੂੰ ਨਾਲ਼ ਜੋੜਨ ਅਤੇ ਹੁਲਾਰਾ ਦੇਣ ਦੀ ਲੋੜ ਹੈ। ਬਹੁ-ਗਿਣਤੀ ਹਾਜ਼ਰ ਮੈਂਬਰਾਂ ਵੱਲੋਂ ਫ਼ੈਸਲਾ ਕੀਤਾ ਗਿਆ ਕਿ ਮੌਜੂਦਾ ਸੰਚਾਲਕ ਕਮੇਟੀ ਨੂੰ ਬਰਕਰਾਰ ਰੱਖਿਆ ਜਾਵੇ ਅਤੇ ਅਗਲੀ ਮੀਟਿੰਗ ਵਿੱਚ ਨਵਾਂ ਅਜੰਡਾ ਵਿਚਾਰ ਲਿਆ ਜਾਵੇ।

ਕਵਿਤਾ ਦੇ ਦੌਰ ਵਿੱਚ ਇਕਬਾਲ ਬਰਾੜ ਨੇ ਉਂਕਾਰਪ੍ਰੀਤ ਦੀ ਗ਼ਜ਼ਲ "ਦਿਲ ਦੇ ਗ਼ਮ ਦੀ ਦਾਸਤਾਂ, ਕਹਿ ਦਿਆਂ ਜਾਂ ਨਾ ਕਹਾਂ", ਰਿੰਟੂ ਭਾਟੀਆ ਨੇ ਕੁਲਵਿੰਦਰ ਖਹਿਰਾ ਦੀ ਗ਼ਜ਼ਲ 'ਦਿਲਾ ਜੇ ਘੁੱਟ ਸਬਰਾਂ ਦਾ ਇਵੇਂ ਦਿਨ ਰਾਤ ਭਰਨਾ ਸੀ', ਲਖਬੀਰ ਸਿੰਘ ਕਾਹਲ਼ੋਂ ਨੇ ਹੀਰ, ਅਤੇ ਸੁਖਚਰਨ ਕੌਰ ਗਿੱਲ ਨੇ ਆਪਣਾ ਖ਼ੂਬਸੂਰਤ ਗੀਤ ਗਾ ਕੇ ਪੇਸ਼ ਕੀਤੇ ਜਦਕਿ ਜਗੀਰ ਸਿੰਘ ਕਾਹਲ਼ੋਂ, ਉਂਕਾਰਪ੍ਰੀਤ, ਜਸਵਿੰਦਰ ਸੰਧੂ, ਅਤੇ ਪਰਮਜੀਤ ਦਿਓਲ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪਰਮਜੀਤ ਦਿਓਲ ਵੱਲੋਂ ਸੰਖੇਪ ਜਾਣ-ਪਛਾਣ ਕਰਵਾਏ ਜਾਣ ਤੋਂ ਬਾਅਦ ਸੌ ਤੋਂ ਵੱਧ ਵਾਰ ਖ਼ੂਨ ਦਾਨ ਕਰ ਚੁੱਕੀ ਜੋੜੀ ਬਲਵੰਤ ਸਿੰਘ ਅਤੇ ਜਸਵੰਤ ਕੌਰ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਸਭ ਨੂੰ ਖ਼ੂਨ ਦਾਨ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਮੀਟਿੰਗ ਵਿੱਚ ਜਸਪਾਲ ਢਿੱਲੋਂ, ਗੁਰਜਿੰਦਰ ਸੰਘੇੜਾ, ਸੁਰਿੰਦਰ ਖਹਿਰਾ, ਪ੍ਰਤੀਕ, ਬਲਰਾਜ ਧਾਲੀਵਾਲ਼, ਸਰਬਜੀਤ ਕੌਰ ਕਾਹਲ਼ੋਂ, ਪੂਰਨ ਸਿੰਘ ਪਾਂਧੀ, ਜਸਵਿੰਦਰ ਸਿੰਘ, ਕਿਰਪਾਲ ਸਿੰਘ ਪੰਨੂੰ, ਜੋਗਿੰਦਰ ਸੰਘੇੜਾ, ਗੁਰਦੇਵ ਸਿੰਘ ਮਾਨ, ਮਿੰਨੀ ਗਰੇਵਾਲ, ਸੁੱਚਾ ਸਿੰਘ ਮਾਂਗਟ, ਅਤੇ ਹੋਰ ਬਹੁਤ ਸਾਰੇ ਦੋਸਤ ਹਾਜ਼ਰ ਸਨ। ਸਟੇਜ ਦੀ ਜ਼ਿੰਮੇਂਵਾਰੀ ਕੁਲਵਿੰਦਰ ਖਹਿਰਾ ਵੱਲੋਂ ਨਿਭਾਈ ਗਈ ਅਤੇ ਜਦਕਿ ਮੀਟਿੰਗ ਦੀ ਕਾਰਵਾਈ ਨੂੰ ਨਿਭਾਉਣ ਵਿੱਚ ਸੁਰਿੰਦਰ ਖਹਿਰਾ, ਰਿੰਟੂ ਭਾਟੀਆ, ਅਤੇ ਗੁਰਜਿੰਦਰ ਸੰਘੇੜਾ ਨੇ ਅਹਿਮ ਰੋਲ ਨਿਭਾਇਆ।

# ਜ਼ੀਰੋ-ਇਮਿਸ਼ਨ ਗੱਡੀਆਂ ਦੀ ਖ਼੍ਰੀਦ ਲਈ ਫ਼ੈੱਡਰਲ ਸਰਕਾਰ ਦਾ ਇਨਸੈਂਟਿਵ ਸ਼ੁਰੂ : ਸੋਨੀਆ ਸਿੱਧੂ

ਬਰੈਂਪਟਨ, -ਫ਼ੈੱਡਰਲ ਸਕਾਰ ਵੱਲੋਂ ਜ਼ੀਰੋ ਇਮਿਸ਼ਨ ਗੱਡੀਆਂ ਦੀ ਖ਼੍ਰੀਦ ਲਈ ਹੱਲਾਸ਼ੇਰੀ ਸ਼ੁਰੂ ਹੋ ਗਈ ਹੈ ਅਤੇ ਕੈਨੇਡਾ-ਵਾਸੀ ਇਸ ਮਹੀਨੇ ਦੀ ਪਹਿਲੀ ਤਰੀਕ ਤੋਂ ਬੱਜਟ 2019 ਵਿਚ ਜ਼ੀਰੋ-ਇਮਿਸ਼ਨ ਗੱਡੀਆਂ ਲਈ ਦਿੱਤੇ ਜਾਣ ਵਾਲੇ ਇਨਸੈਂਟਿਵ ਦਾ ਲਾਭ ਉਠਾ ਸਕਣਗੇ। ਇਸ ਮੰਤਵ ਲਈ ਫ਼ੈੱਡਰਲ ਸਰਕਾਰ ਗਾਹਕਾਂ ਨੂੰ ਜ਼ੀਰੋ-ਇਮਿਸ਼ਨ ਵਾਲੀਆਂ ਗੱਡੀਆਂ ਦੀ ਖ਼੍ਰੀਦ ਨੂੰ ਅਫ਼ੋਰਡੇਬਲ ਬਨਾਉਣ ਲਈ 5,000 ਡਾਲਰ ਤੱਕ ਦਾ ਇਨਸੈਂਟਿਵ ਦੇਵੇਗੀ।

ਇੱਥੇ ਇਹ ਜ਼ਿਕਰਯੋਗ ਹੈ ਕਿ 'ਜ਼ੀਰੋ-ਇਮਿਸ਼ਨ ਵਹੀਕਲਜ਼' ਤੋਂ ਭਾਵ ਉਹ ਗੱਡੀਆਂ ਹਨ ਜਿਨ੍ਹਾਂ ਦੀ 'ਪੂਛ ਵਾਲੀਆਂ ਪਾਈਪਾਂ' (ਸਾਇਲੈਸਰਾਂ) ਵਿੱਚੋਂ ਕੋਈ ਧੂਆਂ ਨਹੀਂ ਨਿਕਲਦਾ ਅਤੇ ਇਨ੍ਹਾਂ ਵਿਚ ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਜਾਂ 'ਪਲੱਗ-ਇਨ ਹਾਈਬਰਿਡ' ਬਿਜਲਈ-ਵਾਹਨ ਸ਼ਾਮਲ ਹਨ। ਕੈਨੇਡਾ ਵਿਚ ਗਰੀਨ-ਹਾਊਸ ਗੈਸਾਂ ਛੱਡਣ ਵਾਲੇ ਟ੍ਰਾਂਸਪੋਰਟੇਸ਼ਨ ਵਾਹਨ ਦੂਸਰੇ ਨੰਬਰ 'ਤੇ ਆਉਂਦੇ ਹਨ ਅਤੇ ਇਨ੍ਹਾਂ ਜ਼ੀਰੋ-ਇਮਿਸ਼ਨ ਗੱਡੀਆਂ ਦੇ ਸੜਕਾਂ 'ਤੇ ਆ ਜਾਣ ਨਾਲ ਵਾਤਾਵਰਣ ਵਿਚ ਜ਼ਹਿਰੀਲੀਆਂ ਗੈਸਾਂ ਦੇ ਫੈਲਣ ਵਿਚ ਕਮੀ ਆਏਗੀ।

ਇਸ ਦੇ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ,"ਇਹ ਤਾਂ ਜੱਗ-ਜ਼ਾਹਿਰ ਹੈ ਕਿ ਕਨਸਰਵੇਟਿਵਾਂ ਕੋਲ ਵਾਤਾਵਰਣ ਦੀ ਤਬਦੀਲੀ ਬਾਰੇ ਕੋਈ ਪਲੈਨ ਨਹੀਂ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਨੂੰ ਬਚਾਉਣ ਸਬੰਧੀ ਸ਼ੀਅਰ-ਫ਼ੋਰਡ ਗੱਠਜੋੜ ਸਗੋਂ ਕੋਈ ਰਾਜਨੀਤਕ ਚਾਲ ਹੀ ਚੱਲੇਗਾ ਜੋ ਦੇਸ਼ ਲਈ ਬੜੀ ਮੰਦਭਾਗੀ, ਅਫ਼ਸੋਸਨਾਕ ਤੇ ਨਿਰਾਸ਼ਾਵਾਦੀ ਹੋ ਸਕਦੀ ਹੈ। ਸਾਡੀ ਸਰਕਾਰ ਵੱਲੋਂ ਹਰੇਕ ਖ਼ੇਤਰ ਵਿੱਚੋਂ ਗਰੀਨਹਾਊਸ ਗੈਸ ਇਮਿਸ਼ਨ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨੂੰ ਵਿਹਾਰਕ ਤੇ ਵਿਉਪਾਰਕ ਪੱਧਰ 'ਤੇ ਘੱਟੋ-ਘੱਟ ਕਰਨ ਲਈ ਜੀਰੋ ਇਮਿਸ਼ਨ ਨੂੰ ਅਪਨਾਉਣ ਲਈ ਅਸੀਂ ਹਰੇਕ ਟੈਕਨਾਲੌਜੀ ਤੇ ਟੇਲੈਂਟ ਨੂੰ ਵਰਤੋਂ ਵਿਚ ਲਿਆਉਣ ਦੀ ਕੋਸ਼ਿਸ਼ ਜਾਰੀ ਰੱਖਾਂਗੇ।"

ਉਨ੍ਹਾਂ ਕਿਹਾ ਕਿ ਵਾਤਾਵਰਣ ਵਿਚ ਤਬਦੀਲੀ ਲਿਆਉਣ ਲਈ ਲੋੜੀਂਦੇ ਕਾਰਜ ਲਈ ਦੇਰੀ ਨਹੀਂ ਕੀਤੀ ਜਾ ਸਕਦੀ ਅਤੇ ਇਸ ਦੇ ਕਰਨ ਦੀ ਹੁਣੇ ਹੀ ਜ਼ਰੂਰਤ ਹੈ। ਏਸੇ ਲਈ ਔਟਵਾ ਸਰਕਾਰ ਮਹਿਸੂਸ ਕਰਦੀ ਹੈ ਕਿ ਵਾਤਾਵਰਣ ਨੂੰ ਸਵੱਛ ਬਨਾਉਣ ਵਿਚ ਕੈਨੇਡਾ-ਵਾਸੀ ਮੁੱਖ ਭੂਮਿਕਾ ਨਿਭਾ ਸਕਦੇ ਹਨ। ਸਰਕਾਰ ਨੇ ਰੀਚਾਰਜ ਤੇ ਰੀਫਿਊਲਿੰਗ ਇਨਫ਼ਰਾਸਟਰੱਕਚਰ ਲਈ 130 ਮਿਲੀਅਨ ਡਾਲਰ ਦੀ ਨਵੀਂ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ ਹੈ ਅਤੇ ਇਹ ਸਾਲ 2016 ਤੇ 2018 ਲਈ ਦਿੱਤੀ ਗਈ 180 ਮਿਲੀਅਨ ਡਾਲਰ ਤੋਂ ਵੱਖਰੀ ਹੋਵੇਗੀ।

# ਮੰਤਰੀ ਬਲਬੀਰ ਸਿੱਧੂ ਨੇ ਜੂਸ ਪਿਆ ਕੇ ਮਰਨ ਵਰਤ ਖੁਲ੍ਹਾਇਆ

ਮੋਹਾਲੀ, 7 ਮਈ (ਪੋਸਟ ਬਿਊਰੋ)- ਕੱਲ੍ਹ ਮਿਊਂਸਪਲ ਭਵਨ ਸੈਕਟਰ 68 ਮੋਹਾਲੀ ਵਿਖੇ ਪੰਜਾਬ ਅਤੇ ਯੂ ਟੀ ਦੇ ਵੱਖ-ਵੱਖ ਅਦਾਰਿਆਂ ਦੇ ਹਜ਼ਾਰਾਂ ਮੁਲਾਜ਼ਮ-ਮਜ਼ਦੂਰਾਂ ਦੇ ਵਿਸ਼ਾਲ ਇਕੱਠ ਵਿੱਚ ਸਾਥੀ ਸੱਜਣ ਸਿੰਘ ਨੂੰ ਹਸਪਤਾਲ ਤੋਂ ਲਿਆ ਕੇ ਇਸ ਇਕੱਠ ਦੇ ਰੂ-ਬ-ਰੂ ਕੀਤਾ ਗਿਆ। ਵਰਨਣ ਯੋਗ ਹੈ ਕਿ ਸਾਥੀ ਸੱਜਣ ਸਿੰਘ ਪਹਿਲੀ ਮਈ ਤੋਂ ਮੰਗਾਂ ਦੀ ਪੂਰਤੀ ਲਈ ਮਰਨ ਵਰਤ 'ਤੇ ਬੈਠੇ ਸਨ। ਤਿੰਨ ਮਈ ਨੂੰ ਯੂ ਟੀ ਪੁਲਸ ਨੇ ਮਰਨ ਵਰਤ ਵਾਲੇ ਕੈਂਪ ਨੂੰ ਪੁੱਟ ਕੇ ਲਾਠੀਚਾਰਜ ਕਰ ਕੇ ਸੱਜਣ ਸਿੰਘ ਨੂੰ ਜ਼ਬਰਦਸਤੀ ਓਥੋਂ ਚੁੱਕ ਕੇ ਹਸਪਤਾਲ ਦਾਖਲ ਕਰਵਾ ਦਿੱਤਾ, ਜਿੱਥੇ ਉਨ੍ਹਾਂ ਨੂੰ ਜ਼ਬਰਦਸਤੀ ਖੁਰਾਕ ਦੇਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਸਾਫ ਇਨਕਾਰ ਕਰ ਕੇ ਮਰਨ ਵਰਤ 'ਤੇ ਡਟੇ ਰਹੇ। ਇਸ ਦੇ ਰੋਸ ਵਿੱਚ ਪੂਰੇ ਪੰਜਾਬ ਵਿੱਚ ਭੁੱਖ ਹੜਤਾਲਾਂ, ਰੈਲੀਆਂ ਮੁਜ਼ਾਹਰੇ, ਝੰਡਾ ਮਾਰਚ ਤੇ ਜਾਮ ਆਦਿ ਵਰਗੇ ਐਕਸ਼ਨ ਚਲਦੇ ਰਹੇ। ਪੰਜਾਬ ਸਰਕਾਰ ਨੇ ਸਥਿਤੀ ਨੂੰ ਭਾਂਪਦਿਆਂ ਪੰਜਾਬ, ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰਜ਼ ਐਕਸ਼ਨ ਕਮੇਟੀ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂਆਂ ਨੇ ਚਾਰ ਵਾਰ ਮੀਟਿੰਗਾਂ ਕੀਤੀਆਂ ਤੇ ਫਿਰ ਸਰਕਾਰ ਨੇ ਇਹ ਭਰੋਸਾ ਲਿਖਤੀ ਤੌਰ 'ਤੇ ਦਿੱਤਾ ਕਿ ਚੋਣ ਜ਼ਾਬਤੇ ਮੌਕੇ ਮੰਗਾਂ ਸੰਬੰਧੀ ਕੋਈ ਫੈਸਲਾ ਲੈ ਕੇ ਲਾਗੂ ਕਰਨਾ ਅਸੰਭਵ ਹੈ, ਪਰ 27 ਮਈ ਨੂੰ ਕੈਬਨਿਟ ਸਬ ਕਮੇਟੀ ਮੀਟਿੰਗ ਵਿੱਚ ਮੰਗਾਂ ਦਾ ਅਸਲ ਵਿੱਚ ਨਿਪਟਾਰਾ ਕੀਤਾ ਜਾਵੇਗਾ। ਇਸੇ ਸਮੇਂ ਸਰਕਾਰ ਵੱਲੋਂ ਚੋਣ ਕਮਿਸ਼ਨ ਕੋਲੋਂ ਮੰਗਾਂ ਬਾਰੇ ਫੈਸਲਾ ਲੈਣ ਦੀ ਪ੍ਰਵਾਨਗੀ ਵੀ ਮੰਗੀ ਗਈ ਹੈ, ਜੇ ਪ੍ਰਵਾਨਗੀ ਮਿਲ ਗਈ ਤਾਂ 27 ਮਈ ਤੋਂ ਪਹਿਲਾਂ ਕੁਝ ਮੰਗਾਂ ਮੰਨ ਕੇ ਲਾਗੂ ਕੀਤੀਆਂ ਜਾ ਸਕਦੀਆਂ ਹਨ। ਇਸ ਮੌਕੇ ਕਿਰਤ ਤੇ ਰੋਜ਼ਗਾਰ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਜੂਸ ਪਿਆ ਕੇ ਸੱਜਣ ਸਿੰਘ ਦਾ ਮਰਨ ਵਰਤ ਖੁਲ੍ਹਵਾਇਆ ਅਤੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁਲਾਜ਼ਮਾਂ-ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਵਾਜਬ ਹਨ।

# ਰੂਬੀ ਸਹੋਤਾ ਵੱਲੋਂ ਟੈਰੀ ਫ਼ੌਕਸ ਪਬਲਿਕ ਸਕੂਲ ਦਾ ਦੌਰਾ

## ਨਵਾਂ ਹੈੱਲਥੀ ਸਨੈਕਸ ਪ੍ਰੋਗਰਾਮ ਸ਼ੁਰੂ



ਬਰੈਂਪਟਨ: ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਟੈਰੀ ਫ਼ੌਕਸ ਪਬਲਿਕ ਸਕੂਲ ਵੱਲੋਂ ਨਵਾਂ ਹੈੱਲਥੀ ਸਨੈਕਸ ਪ੍ਰੋਗਰਾਮ ਸ਼ੁਰੂ ਕਰਨ ਸਮੇਂ ਸਕੂਲ ਦਾ ਗੇੜਾ ਲਾਇਆ। ਸਕੂਲ ਦਾ ਇਹ ਪ੍ਰੋਗਰਾਮ ਕੈਨੇਡਾ ਦੀ ਫ਼ੂਡ ਗਾਈਡ ਬਾਰੇ ਨਵੀਂ ਪਹੁੰਚ ਨਾਲ ਬਿਲਕੁਲ ਮੇਲ ਖਾਂਦਾ ਹੈ। 'ਫ਼ੂਡ ਗਾਈਡ' ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਅਨੁਸਾਰ ਸਾਡੇ ਖਾਣੇ ਦੀ ਚੋਣ ਕਰਦੀ ਹੈ, ਪ੍ਰੰਤੂ ਹੁਣ ਅਸੀਂ ਜਾਣਦੇ ਹਾਂ ਕਿ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਸਾਡੀ ਸਿਹਤ ਲਈ ਓਨੀਆਂ ਹੀ ਜ਼ਰੂਰੀ ਹਨ ਜਿੰਨਾ ਸਾਡੇ ਲਈ ਖਾਣੇ ਦੀ ਜ਼ਰੂਰਤ ਹੈ। ਆਪਣੇ ਕੰਮਾਂ-ਕਾਰਾਂ ਵਿਚ ਰੁੱਝੇ ਹੋਏ ਕੈਨੇਡਾ-ਵਾਸੀ ਚਾਹੁੰਦੇ ਹਨ ਕਿ ਕੋਈ ਅਜਿਹੀ ਗਾਈਡ ਹੋਵੇ ਜਿਸ ਉੱਪਰ ਉਹ ਆਪਣੀ ਤੇ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਚੰਗੀ ਸਿਹਤ ਲਈ ਪੌਸ਼ਟਿਕ ਖਾਣੇ ਦੀ ਚੋਣ ਬਾਰੇ ਭਰੋਸਾ ਕਰ ਸਕਣ।

ਇਸ ਦੇ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਐੱਮ.ਪੀ. ਰੂਬੀ ਸਹੋਤਾ ਨੇ ਕਿਹਾ,"ਜਿਹੜਾ ਆਮ ਖਾਣਾ ਅਸੀਂ ਖਾਂਦੇ ਹਾਂ, ਉਸ ਦੇ ਨਾਲੋਂ ਪੌਸ਼ਟਿਕ ਖਾਣੇ ਬਾਰੇ ਜਾਣਕਾਰੀ ਹੋਣੀ ਜ਼ਿਆਦਾ ਮਹੱਤਵਪੂਰਨ ਹੈ ਕਿਉਂਕਿ ਇਸ ਦਾ ਸਬੰਧ ਸਾਡੇ ਖਾਣ-ਪੀਣ ਦੀਆਂ ਆਦਤਾਂ ਨਾਲ ਜੁੜਿਆ ਹੋਇਆ ਹੈ। ਕੈਨੇਡਾ ਦੀ ਨਵੀਂ ਫ਼ੂਡ ਗਾਈਡ ਅਤੇ ਟੈਰੀ ਫ਼ੌਕਸ ਪਬਲਿਕ ਸਕੂਲ ਦਾ ਹੈਲਥੀ ਸਨੈਕਸ ਪ੍ਰੋਗਰਾਮ ਖਾਣੇ ਦੀਆਂ ਇਨ੍ਹਾਂ ਆਦਤਾਂ ਦੇ ਬਹੁਤ ਨੇੜੇ-ਨੇੜੇ ਹਨ ਅਤੇ ਸਾਨੂੰ ਆਪਣੇ ਸਰੀਰ ਲਈ ਦਿਨ-ਭਰ ਖਾਣ ਲਈ ਬਹੁਤ ਵਧੀਆ ਤੇ ਸਹੀ ਮਸ਼ਵਰਾ ਦਿੰਦੇ ਹਨ ਕਿ ਸਾਨੂੰ ਕੀ ਖਾਣਾ ਚਾਹੀਦਾ ਹੈ ਅਤੇ ਕੀ ਨਹੀਂ।

ਟੈਰੀ ਫ਼ੌਕਸ ਸਕੂਲ ਦਾ ਹੈਲਥੀ ਸਨੈਕਸ ਪ੍ਰੋਗਰਾਮ ਮਾਰਚ 2019 ਵਿਚ ਆਰੰਭ ਕੀਤਾ ਗਿਆ ਅਤੇ ਇਹ ਹਫ਼ਤੇ ਵਿਚ ਪੰਜ ਦਿਨ ਚੱਲਦਾ ਹੈ। ਸਵੇਰ ਵੇਲੇ ਹਰੇਕ ਕਲਾਸ ਰੌਮ ਵਿਚ ਫਲਾਂ ਜਾਂ ਸਬਜ਼ੀਆਂ ਦੀ ਭਰੀ ਹੋਈ ਟੋਕਰੀ ਪਹੁੰਚਾਈ ਜਾਂਦੀ ਹੈ। ਇਸ ਦੇ ਨਾਲ ਹੀ ਇਸ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਹੋਲ-ਗਰੇਨ ਅਤੇ ਦੁੱਧ ਤੋਂ ਬਣੇ ਪਦਾਰਥ ਦਿੱਤੇ ਜਾਂਦੇ ਹਨ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਿਹਤਮੰਦ ਅਤੇ ਸੁਚਾਰੂ ਜੀਵਨ-ਜਾਚ ਬਾਰੇ ਜਾਣਕਾਰੀ ਦੇਣ ਵਿਚ ਬਹੁਤ ਸਹਾਇਤਾ ਕਰਦਾ ਹੈ। ਹੈੱਲਥ ਕੈਨੇਡਾ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਸਾਡੇ ਖਾਣੇ ਵਿਚ 50% ਫਲ਼ ਤੇ ਸਬਜ਼ੀਆਂ, 25% ਪ੍ਰੋਟੀਨ ਤੇ 25%ਹੋਲ ਗਰੇਨ ਸ਼ਾਮਲ ਹੋਣੇ ਚਾਹੀਦੇ ਹਨ ਅਤੇ ਇਸ ਦੇ ਨਾਲ ਹੀ ਪਾਣੀ ਦੀ ਚੋਣ ਤਾਂ ਫਿਰ ਹਰੇਕ ਦੀ ਮੁੱਖ ਜ਼ਰੂਰਤ ਹੈ।

ਪੌਸ਼ਟਿਕ ਖ਼ੁਰਾਕ ਸਾਡੇ ਲਈ ਖਾਣੇ ਤੋਂ ਵਧੇਰੇ ਜ਼ਰੂਰੀ ਹੈ। ਫ਼ੂਡ ਗਾਈਡ ਕੈਨੇਡਾ-ਵਾਸੀਆਂ ਨੂੰ ਇਨ੍ਹਾਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦਿਵਾਉਂਦੀ ਹੈ:

- ਜ਼ਿਆਦਾ ਵਾਰ ਖਾਣਾ ਬਣਾਓ।
- ਖਾਣੇ ਦਾ ਅਨੰਦ ਲਓ।
- ਖਾਣ-ਪੀਣ ਦੀਆਂ ਆਦਤਾਂ ਵੱਲ ਵਿਸ਼ੇਸ਼ ਧਿਆਨ ਦਿਓ।
- ਖਾਣਾ ਦੂਸਰਿਆਂ ਨਾਲ ਮਿਲ ਕੇ ਖਾਓ।

ਨਵੀਂ ਫ਼ੂਡ ਗਾਈਡ ਕੈਨੇਡਾ ਦੀ 'ਹੈੱਲਥੀ ਈਟਿੰਗ ਸਟਰੈਟਿਜੀ 'ਦਾ ਅਨਿੱਖੜਵਾਂ-ਅੰਗ ਹੈ ਅਤੇ ਟੈਰੀ ਫ਼ੌਕਸ ਪਬਲਿਕ ਸਕੂਲ ਦਾ ਹੈੱਲਥੀ ਸਨੈਕਸ ਪ੍ਰੋਗਾਰਮ ਇਸ ਦੀ ਪ੍ਰੋੜ੍ਹਤਾ ਕਰਦਾ ਹੈ ਜਿਸ ਨਾਲ ਸਾਰੇ ਕੈਨੇਡਾ-ਵਾਸੀਆਂ ਨੂੰ ਪੌਸ਼ਟਿਕ ਖ਼ੁਰਾਕ ਦੀ ਚੋਣ ਲਈ ਸੇਧ ਮਿਲਦੀ ਹੈ।

# ਸੇਵਾਦਲ ਵੱਲੋਂ 2019 ਦੀ ਈਵੈਂਟ ਬਾਰੇ ਮੀਟਿੰਗ



ਬੀਤੇ ਸੋਮਵਾਰ 29 ਅਪ੍ਰੈਲ 2019 ਨੂੰ ਸੀਨੀਅਰਜ਼ ਸੋਸ਼ਿਲ ਸਰਵਿਸਜ਼ ਗਰੁਪ ਦੀ ਮੀਟਿੰਗ ਹੋਈ। ਏਜੰਡਾ 2019 ਦਾ ਮਲਟੀਕਲਚਰ ਦਿਵਸ ਮਨਾਉਣ ਬਾਰੇ ਗਲਬਾਤ ਕਰਨਾ ਸੀ। ਸਕੱਤਰ ਨੇ ਦਸਿਆ ਕਿ ਬਰੈਂਪਟਨ ਸੌਕਰ ਸੈਂਟਰ ਦੇ ਨਵੇਂ ਨਿਯਮਾ ਅਨੁਸਾਰ ਰੇਟ ਬਹੁਤ ਵਧ ਗਏ ਹਨ ਜਿਸ ਕਾਰਣ ਈਵੈਂਟ ਹੁਣ ਉਥੇ ਨਹੀਂ ਕੀਤੀ ਜਾਵੇਗੀ। ਫੈਸਲੇ ਅਨੁਸਾਰ ਈਵੈਂਟ ਐਫ ਬੀ ਆਈ ਸਕੂਲ ਦੇ ਨਵੇਂ ਬਣੇ ਆਡੇਟੋਰੀਅਮ ਵਿਚ ਕੀਤੀ ਜਾਵੇਗੀ। ਮੀਤ ਪ੍ਰਧਾਨ, ਪ੍ਰਿੰਸੀਪਲ ਸੰਜੀਵ ਧਵਨ ਜੀ ਨੇ ਇਸ ਵਾਸਤੇ ਸਹਿਮਤੀ ਦੇ ਦਿਤੀ ਹੈ। ਈਵੈਂਟ 22 ਜੂਨ 2019 ਨੂੰ ਹਰ ਸਾਲ ਦੀ ਤਰ੍ਹਾ ਬੜੀ ਧੂਮ ਧਾਮ ਨਾਲ ਮਨਾਈ ਜਾਵੇਗੀ। ਜਿਸ ਦੀਆਂ ਤਿਆਰੀਆ ਅਰੰਭ ਹੋ ਚੁਕੀਆਂ ਹਨ।

ਪਿਛਲੇ ਸਾਲ ਦੀ ਤਰ੍ਹਾ ਇਸ ਵਾਰ ਵੀ ਗਵਰਨਰ ਜਨਰਲ ਆਫ ਕਨੇਡਾ ਤੋਂ ਬਰਥਡੇਅ ਅਤੇ ਮੈਰਿਜ ਐਨਵਰਸਰੀ ਵਧਾਈ ਸੰਦੇਸ਼ ਮੰਗਵਾਏ ਜਾਣਗੇ। ਅਭਿਲਾਸ਼ੀ ਸਜਣਾ ਦੇ ਚਰਨਾ ਵਿਚ ਬੇਨਤੀ ਹੈ ਕਿ ਇਸ ਗੌਰਵਮਈ ਪ੍ਰਾਪਤੀ ਲਈ ਸਾਡੇ ਨਾਲ ਸੰਪਰਕ ਕਰਨ। ਲੋਕਾਂ ਦੀ ਭਰਵੀਂ ਹਾਜਰੀ ਵਿਚ ਉਨ੍ਹਾ ਦੇ ਸ਼ੁਭ ਦਿਵਸ ਸੈਲੀਬਰੇਟ ਕੀਤੇ ਜਾਣਗੇ।

ਇਸ ਈਵੈਂਟ ਦਾ ਫੋਕਸ, ਇਕ ਬੜੀ ਘਾਤਕ ਮਾਨਸਿਕ ਬੀਮਾਰੀ ਜਿਸ ਦਾ ਨਾਮ ਹੈ 'ਸਕੀਜ਼ੋਫਰੀਨੀਆ' ਬਾਰੇ ਸਬੰਧਤ ਵਿਸ਼ੇਸ਼ਗ ਆ ਰ ਗੇ ਨਾ ਈ ਜ਼ੇ ਸ਼ ਨ: 'ਸਕੀਜ਼ੋਫਰੀਨੀਆ ਸੋਸਾਇਟੀ ਆਫ ਅੰਟਾਰੀਓ' ਵਲੋ ਜਾਗਰੂਕਤਾ ਪੈਦਾ ਕੀਤੀ ਜਾਵੇਗੀ। ਯਾਦ ਰਹੇ ਕਿ ਇਸ ਬੀਮਾਰੀ ਕਾਰਣ ਪ੍ਰੀਵਾਰ ਟੁਟ ਰਹੇ ਹਨ ਅਤੇ ਸਮਾਜ ਵਿਚ ਦੁਬਦਾ ਬਣ ਰਹੀ ਹੈ। ਇਸ ਤੋਂ ਇਲਾਵਾ ਸੰਸਥਾ ਦੇ ਫਾਈਨੈਂਸ਼ਲ ਸਟੇਟਸ ਬਾਰੇ ਦਸਿਆ ਗਿਆ। 24 ਅਪ੍ਰੈਲ 2019 ਦੀ ਪੰਜਾਬੀ ਪੋਸਟ ਅਖਬਾਰ ਵਿਚ ਛਪੀ ਅਸੋਸੀਏਸ਼ਨ ਦੀ ਫਿਊਨਰਲ ਸੇਵਾਵਾ ਵਾਰੇ ਖਬਰ ਉਪਰ ਚਰਚਾ ਕੀਤੀ ਗਈ ਅਤੇ ਅਫਸੋਸ ਪ੍ਰਗਟ ਕੀਤਾ ਗਿਆ। ਈਵੈਂਟ ਬਾਰੇ ਕਿਸੇ ਜਾਣਕਾਰੀ ਲਈ ਫੋਨ ਕੰਟੈਕਟ ਹਨ 905 794 7882, 647 528 3033 ਜਾਂ 905 840 4500

# ਟ੍ਰੀਲਾਈਨ ਫ੍ਰੈਂਡਸ ਸੀਨੀਅਰ ਕਲੱਬ ਦੀ ਜਨਰਲ ਬਾਡੀ ਮੀਟਿੰਗ ਹੋਈ

ਟ੍ਰੀਲਾਈਨ ਫਰੈਂਡਸ ਸੀਨੀਅਰ ਕਲੱਬ ਨੇ ਮੌਜੂਦਾ ਸਾਲ ਲਈ ਜਨਰਲ ਬਾਡੀ ਮੀਟਿੰਗ ਕੀਤੀ ਜਿਸ ਵਿੱਚ 16-9-1918 ਨੂੰ ਸਰਵਸੰਮਤੀ ਨਾਲ ਚੁਣੇ ਗਏ ਪ੍ਰਧਾਨ ਸ.ਲਹਿਬਰ ਸਿੰਘ ਸ਼ੌਕਰ ਨੇ ਇੰਡੀਆ ਤੋਂ ਮੁੜੇ ਮੈਂਬਰਾਂ ਅਤੇ ਸਭ ਮੈਂਬਰਾਂ ਨੂੰ ਜੀ ਆਇਆਂ ਕਹਿੰਦਿਆਂ ਸਭ ਦੀ ਤੰਦਰੁਸਤੀ ਅਤੇ ਨਵੇਂ ਸਾਲ ਲਈ ਕਲੱਬ ਦੀ ਚੜ੍ਹਦੀ ਕਲਾ ਵਾਸਤੇ ਸ਼ੁਭਕਾਮਨਾਵਾਂ ਦਿੱਤੀਆਂ।

ਪ੍ਰਧਾਨ ਹੁਰਾਂ ਨੇ ਸਾਲ 2019/2020 ਲਈ ਕਲੱਬ ਦੀ ਵਧੀਆ ਕਾਰਗੁਜਾਰੀ ਅਤੇ ਸਫਲਤਾ ਲਈ ਔਹਦੇਦਾਰਾਂ ਦੀ ਨਵੀਂ ਕਮੇਟੀ ਬਣਾ ਇਨ੍ਹਾਂ ਵਿਅਕਤੀਆਂ ਨੂੰ ਇਸ ਟੀਚੇ ਦੀ ਪ੍ਰਾਪਤੀ ਲਈ ਨਾਮਜਦ ਕੀਤਾ ਹੈ-1-ਡਾ.ਜੀਤ ਸਿੰਘ ਵਿਰਕ (ਚੀਫ ਐਡਵਾਈਜਰ) 2-ਸ. ਬੁਲੰਦ ਸਿੰਘ ਦਿਓਲ (ਸੀਨੀਅਰ ਐਡਵਾਈਜਰ) 3-ਸ.ਲਹਿਬਰ ਸਿੰਘ ਸ਼ੌਕਰ (ਪ੍ਰਧਾਨ)ਸ. ਦਰਬਾਰਾ ਸਿੰਘ ਗਰੇਵਾਲ (ਮੀਤ ਪ੍ਰਧਾਨ) 5-ਸ. ਲਛਮਣ ਸਿੰਘ ਥਿੰਦ (ਕੈਸ਼ੀਅਰ) 6-ਸ.ਜਗਜੀਤ ਸਿੰਘ ਗਰੇਵਾਲ (ਸੈਕਟਰੀ) 7-ਸ. ਜਰਨੈਲ ਸਿੰਘ ਹੁੰਦਲ (ਡਾਈਰੈਕਟਰ) 8-ਸ. ਅਵਤਾਰ ਸਿੰਘ ਖੇੜੀ (ਡਾਈਰੈਕਟਰ) 9-ਸ. ਰਜਿੰਦਰ ਸਿੰਘ ਜੰਡ (ਡਾਈਰੈਕਟਰ) 10-ਸ. ਜੀ ਐਸ ਪੰਨੂੰ ( ਡਾਈਰੈਕਟਰ) 11-ਸ. ਹਰਬੰਸ ਸਿੰਘ ਗਰੇਵਾਲ (ਡਾਈਰੈਕਟਰ) 12- ਸ. ਐਸ ਐਸ ਗਿਲ 13-ਸ. ਜਗਵੀਰ ਸਿੰਘ ਮਸੂਤਾ (ਡਾਈਰੈਕਟਰ) 14-ਸ. ਵੀਰਪਾਲ ਸਿੰਘ ਹੈਲਨ (ਡਾਈਰੈਕਟਰ)15-ਸ. ਗੁਰਮੀਤ ਸਿੰਘ ਚਹਿਲ (ਡਾਈਰੈਕਟਰ) 16-ਸ੍ਰੀਮਤੀ ਅਮ੍ਰਿਤ ਸੋਹੀ (ਡਾਈਰੈਕਟਰ) 17-ਸ੍ਰੀਮਤੀ ਹਰਬੰਸ ਕੌਰ ਪੁਰੇਵਾਲ (ਡਾਈਰੈਕਟਰ) ਪ੍ਰਧਾਨ ਸਾਹਿਬ ਨੇ ਇਨ੍ਹਾਂ ਔਹਦੇਦਾਰਾਂ ਨੂੰ ਸਭ ਮੈਂਬਰਾਂ ਦੇ ਵਧੀਆ ਮਨੋਰੰਜਨ ਲਈ ਮੇਲੇ ਟੂਰ ਆਦਿ ਦਾ ਪ੍ਰਬੰਧ ਕਰਨ ਵਾਸਤੇ ਦਿਲੋਂ ਉਪਰਾਲੇ ਕਰਨ ਲਈ ਬੇਨਤੀ ਕੀਤੀ। ਨਾਲ ਹੀ ਮੀਟਿੰਗਾਂ ਦੌਰਾਨ ਸ਼ਰਾਬ ਦੀ ਵਰਤੋਂ ਤੋਂ ਪਰਹੇਜ਼ ਅਤੇ ਮੌਜੂਦਾ ਸਾਲ ਦੌਰਾਨ ਕਮੇਟੀ 'ਚ ਕੋਈ ਤਬਦੀਲੀ ਨਾ ਕਰਨ ਦਾ ਇਰਾਦਾ ਜਾਹਰ ਕੀਤਾ। ਅਗਲੇ ਸਾਲ ਲਈ ਮੈਂਬਰਸ਼ਿਪ ਸ਼ੁਰੂ ਕਰ ਦਿੱਤੀ ਹੈ ਤਾਕਿ ਕਲੱਬ ਦੇ ਕੰਮਕਾਜ਼ 'ਚ ਕਮੀ ਨਾ ਰਹੇ। ਪ੍ਰਧਾਨ ਸ. ਲਹਿਬਰ ਸਿੰਘ ਮੈਂਬਰਾਂ ਨਾਲ ਮੀਟਿੰਗ ਕਰਕੇ ਇਸ ਸਾਲ ਕਲੱਬ ਦੀ ਚੜ੍ਹਤ ਅਤੇ ਵਧੀਆ ਕਾਰਗੁਜ਼ਾਰੀ ਲਈ ਜੋਰ ਸ਼ੋਰ ਨਾਲ ਸਭ ਦੇ ਸਹਿਯੋਗ ਦੀ ਅਪੀਲ ਕੀਤੀ ਅਤੇ ਇਸ ਸਭ ਕਾਰਵਾਈ ਦੀ ਜਾਣਕਾਰੀ ਅਖਬਾਰਾਂ ਰਾਹੀਂ ਸਭ ਨੂੰ ਦਿੱਤੀ ਜਾ ਰਹੀ ਹੈ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈੱਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।



Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

**ਅਪਲਾਈ ਕਰਨ ਲਈ ਆਪ ਪਹੁੰਚੋ:**
110 Glidden Road – See Kamal 905-458-4733
80 West Drive – See Ravinder 905-450-7200

**ਜਾਂ ਫੇਰ ਈ-ਮੇਲ ਕਰੋ:**
jbrown@dundasjafine.com
kkaur@dundasjafine.com

**TOTAL HOME** Windows & Doors

**ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!**

## WINTER & SPRING SPECIAL SALE

•WINDOWS •FIBERGLASS DOORS
•STEEL DOORS •SLIDING PATIO DOORS

Guaranteed lowest Price up to 50% OFF

▪Honest & fair prices ▪Professional installation
▪High quality products ▪First class service

For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com






# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON 2456 Lake shore Blvd W., Etobicoke, ON
905-451-0379

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019



www.BramptonTopRelator.com

JAG AUJLA
REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Top 1% Ranked in Broker

Call For a Quick & Free Home Evaluation
www.BramptonQuickHomeEvaluation.com

**2016,2015,2014,2013 **(2009,2008) 2012,2011,2010) **RE/MAX International (2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON



## ਕਵੀਨ-ਮੈਰੀ/ਸੈਂਡਲਵੁਡ

ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ ਜਿਸ ਨੂੰ 3 ਖੁਲ੍ਹੇ-ਡੁਲ੍ਹੇ ਲੈਮੀਨੇਟਡ ਬੈਡਰੂਮ, 4 ਵਾਸ਼ਰੂਮ ਨਾਲ ਹੀ finished ਬੈਸਮੈਂਟ ਤੇ rec room, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 4 ਪੀਸ-ਇਨ ਸੂਟ ਤੇ ਵਾੱਕ ਇਨ ਕਲੋਜ਼ੇਟ ਤੇ ਹੋਰ ਵੀ ਬਹੁਤ ਕੁਝ।

BRAMPTON



## ਵੈਨ ਕੂਕ/ਵੈਨਲੈਸ

ਵਧੀਆ ਤੇ ਸਾਫ ਸੁਥਰਾ 2532 ਸਕੇਅਰ ਫੁੱਟ 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH



## ਗਲਫ, ਓਨਟਾਰੀਓ

ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ, 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਊਨ-ਹਾਊਸ। ਫੀਨਿਸ਼ਡ ਬੈਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

BRAMPTON




## ਫਾਦਰ ਟੋਬਿਨ/ਬਰੈਮਲੀ ਰੋਡ

SOLD OVER ASKING PRICE IN 10 DAYS

BRAMPTON




## ਕਵੀਨ/ਮਿਸੀਸਾਗਾ ਰੋਡ

ਬਹੁਤ ਹੀ ਵਧੀਆ 5+1 ਬੈਡਰੂਮ 5000 ਸਕੇਅਰ ਫੁੱਟ, 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।

BRAMPTON



## ਏਅਰਪੋਰਟ ਰੋਡ/ਸੈਂਡਲਵੁਡ

ਵਧੀਆ ਤੇ ਸਾਫ ਸੁਥਰਾ 3000 ਸਕੇਅਰ ਫੁੱਟ 5 ਬੈਡਰੂਮ ,4 ਵਾਸ਼ਰੂਮ ਅਤੇ ਆਫਿਸ ਦਾ ਡਿਟੈਚ ਘਰ 60 ਫੁੱਟ ਲਾਟ ਤੇ, unfinished ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਨਵੇਂ ਹਾਰਡਵੁਡ ਫਲੋਰ, ਨਵੀਂ ਰੂਫ, ਅਪਗ੍ਰੇਡੇਡ ਕਿਚਨ ਨੂੰ ਗਰੇਨਾਇਟ ਕਾਂਉਟਰ ਟਾਪ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।



# REXDALE BODY SHOP

USED CAR SALE



CHEEMA

LOWEST PRICE IN TOWN

Towing Service Car Paint Starts $799* upto 100% Deductible Paid*

Specialization In:
- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com





# Grand Upholstery Ltd

Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212

5 Edvac Drive # 5 & 6 Brampton ON L6S 5P3 Email: grandupholstery@gmail.com



Carte WEALTH MANAGEMENT INC.

# KANG TAX & FINANCIAL SERVICES



Sukhwinder Kang
(M.Sc. CFP)
Financial Advisor

- Personal and Corporate Tax Filings**
- RDSP, RESP, RRSP, TFSA Plans*
- Home and Auto Insurance***

Free Tax Filing For New Immigrants

416-271-4877 Email: sukhwinder.kang@cartewm.com

2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE

* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.



NU WAY TOUR & TRAVELS INC.

## ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



WESTJET vacations

tico.ca IATA

Call Us For Guaranteed Lowest Airfare

ANY Time Airline Destination Around the World

transat, sunwing, AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900

www.nuwaytravels.com E-mail- info@nuwaytravels.com



IFS

# INTERSTATE FREIGHT SYSTEMS INC.

## A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677

IFS



ਹੁਣ ਖੁੱਲ੍ਹ ਗਿਆ ਹੈ ਨਵਾਂ ਵਾਕ ਇਨ ਕਲੀਨਿਕ ਚਿੰਗਕੂਸੀ ਤੇ ਵੈਨਲੈਸ ਤੇ

## ਕਲੀਨਿਕ ਵਿੱਚ ਫਾਰਮੇਸਿਟ ਉਪਲਬਧ

- ਔਰਤਾਂ ਦੀ ਕੋਈ ਵੀ ਸਮੱਸਿਆ ਲਈ ਤਜਰਬੇਕਾਰ ਮਹਿਲਾ ਡਾਕਟਰ
- ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਕੋਈ ਵੀ ਰਾਏ ਜਾਂ ਸਰੀਰਕ ਜਾਂਚ ਕਰਵਾ ਸਕਦੇ ਹੋ
- Immunization, ਡਾਈਟੀਸ਼ੀਅਨ ਅਤੇ ਫੁੱਟ ਕੇਅਰ ਲਈ ਨਰਸ
- ਲੈਬ ਸੇਵਾਵਾਂ
- ਅਸੀਂ ਡਾਈਬੀਟੀਜ਼ ਲਈ ਮੁਫ਼ਤ ਸਲਾਹ ਦਿੰਦੇ ਹਾਂ



New patients welcome / 7 ਦਿਨ ਖੁੱਲ੍ਹਾ

ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
Punjabi/Urdu/Hindi

ਚਿੰਗਕੂਸੀ ਅਤੇ ਵੈਨਲੈਸ ਨੇੜੇ, ਟੀ.ਡੀ. ਬੈਂਕ ਪਲਾਜ਼ਾ
Tel: 905-846-4952